# ਧਮਕ ਨਗਾਰੇ ਦੀ

(ਨਾਟਕ ਸ਼ੁਰੂ ਹੋਣ ’ਤੇ ਕੋਰਸ ਮੰਚ ’ਤੇ ਆਉਂਦਾ ਹੈ।)
ਇਕ ਜ਼ਿਲ੍ਹਾ ਲਾਹੌਰ ਪੰਜਾਬ ਅੰਦਰ,
ਜਿਦ੍ਹੀ ਲੱਭਦੀ ਨਾ ਕੋਈ ਮਿਸਾਲ ਲੋਕੋ।
ਬਾਰ੍ਹਾਂ ਕੋਸ ਤੋਂ ਉਸ ਦੇ ਇਕ ਸ਼ਹਿਰ ਵਸਦਾ,
ਨਾਂ ਉਸ ਦਾ ਸਾਂਦਲ ਦੀ ਬਾਰ ਲੋਕੋ।
ਪੁੱਤ ਧੀਆਂ ਉਥੋਂ ਦੇ ਬੜੇ ਹਿੰਮਤੀ,
ਹੱਸਦੇ ਵੱਸਦੇ ਖੁਸ਼ੀ ਦੇ ਨਾਲ ਲੋਕੋ।
ਅਕਬਰ ਬਾਦਸ਼ਾਹ ਉਹਨਾਂ ਤੋਂ ਤੰਗ ਬਹੁਤਾ,
ਨਾ ਸੀ ਸ਼ਾਹ ਨੂੰ ਉਹ ਕੁਝ ਦਵਾਲ ਲੋਕੋ।
ਆਖ਼ਰ ਜਿੱਚ ਹੋ ਕੇ ਅਕਬਰ ਬਾਦਸ਼ਾਹ ਨੇ,
ਘੱਲੀ ਫ਼ੌਜ ਕੀਤਾ ਬੁਰਾ ਹਾਲ ਲੋਕੋ।
ਪਕੜ ਸਾਹਮਣੇ ਸਾਂਦਲ ਸਰਦਾਰ ਕੀਤਾ,
ਅਕਬਰ ਪੁੱਛਦਾ ਰੋਕੀ ਕਿਉਂ ਢਾਲ ਲੋਕੋ।
ਬਾਦਸ਼ਾਹ ਤੋਂ ਖ਼ੌਫ਼ ਨਾ ਮੂਲ ਕੀਤਾ,
ਕਾਹਦਾ ਮਾਲੀਆ ਕੀਤਾਸਵਾਲ ਲੋਕੋ।
ਸੁਣ ਕੇ ਬਾਦਸ਼ਾਹ ਅੱਗ ਦੇ ਵਾਂਗ ਹੋਇਆ,
ਗੁੱਸੇ ਨਾਲ ਚਿਹਰਾ ਲਾਲੋ ਲਾਲ ਲੋਕੋ।
ਦਿੱਤਾ ਤੁਰੰਤ ਜਲਾਦਾਂ ਨੂੰ ਹੁਕਮ ਉਸਨੇ,
ਨਹੀਂ ਸਮਝਦੇ ਇਹ ਕੋਈ ਚਾਲ ਲੋਕੋ।
ਸਿਰ ਕੱਟ ਕੇ ਤਨ ਤੋਂ ਦੂਰ ਕਰਨੇ,
ਪੁੱਠੀ ਲਾਹਵਣੀ ਇਹਨਾਂ ਦੀ ਖਾਲ ਲੋਕੋ।
ਸਿਰ ਨਾਲ ਦਰਵਾਜ਼ੇ ਦੇ ਟੰਗ ਦੇਣੇ,
ਨਾਲੇ ਖੱਲ ਭਰ ਕੇ ਤੂੜੀ ਨਾਲ ਲੋਕੋ।
ਨਾਟਕ ਦੁੱਲੇ ਦਾ ਹੁਣ ਹਾਂ ਪੇਸ਼ ਕਰਦੇ,
ਪੁੱਤ ਫ਼ਰੀਦ ਦਾ ਪੋਤਾ ਸਾਂਦਲ ਸਰਦਾਰ ਲੋਕੋ।
ਚੁੱਕੀ ਤੇਗ਼ ਤੇ ਜ਼ੁਲਮ ਨਾਲ ਲਈ ਟੱਕਰ,
ਜੰਮ ਕੇ ਜੂਝਿਆ ਸਾਥੀਆਂ ਨਾਲ ਲੋਕੋ।
ਕੀ ਹੋਇਆ ਜੇ ਜੂਝਿਆ ਛੇ ਸੌ ਸਾਲ ਪਹਿਲੇ,

ਦੁੱਲਾ ਹਾਲੇ ਵੀ ਸਾਡੇ ਵਿਚਕਾਰ ਲੋਕੋ।
ਜਦ ਤੱਕ ਜ਼ੁਲਮ ਨਾਲ ਰਹੇਗੀ ਟੱਕਰ,
ਦੁੱਲਾ ਰਹੇਗਾ ਲੋਕਾਂ ਨੂੰ ਯਾਦ ਲੋਕੋ।

*(ਕੋਰਸ ਹੌਲੇ ਹੌਲੇ ਵਾਪਸ ਜਾਂਦਾ ਹੈ। ਦੋ ਸਿਪਾਹੀ ਮੰਚ 'ਤੇ ਆਉਂਦੇ ਹਨ, ਉਹਨਾਂ ਦੇ ਹੱਥਾਂ ਵਿਚ ਨੇਜ਼ੇ ਹਨ। ਇਕ ਪਾਸੇ ਇਕ ਪੁੱਠੀ ਟੰਗੀ ਹੋਈ ਲਾਸ਼ ਦਾ ਪੁਤਲਾ ਹੈ। ਖੱਲ ਵਿਚ ਤੂੜੀ ਭਰੀ ਨਾਸ਼ ਉਤੇ ਸਿਪਾਹੀ ਨੇਜ਼ੇ ਮਾਰਦੇ ਹਨ। ਕੁਝ ਪੇਂਡੂ ਲੋਕ ਮੰਚ ਉੱਤੇ ਦੂਸਰੇ ਪਾਸੇ ਤੋਂ ਆਉਂਦੇ ਹਨ। ਉਹ ਆਪਸ ਵਿਚ ਗੱਲਾਂ ਕਰਦੇ ਆ ਰਹੇ ਹਨ।)*

ਲੈ ਬਈ ਲਾਹੌਰ ਸ਼ਹਿਰ ਆ ਗਿਆ।
ਆ ਗਿਆ ਬਈ ਆ ਗਿਆ।
ਦੇਖੋ ਬਈ ਅਸੀਂ ਦਰਬਾਰ ਵਿਚ ਜਾ ਰਹੇ ਹਾਂ, ਫਰਿਆਦ ਕਰਨ, ਇਸ ਲਈ ਧਿਆਨ ਨਾਲ ਸਾਰੀ ਗੱਲ ਕਹਿਣੀ ਹੈ।

*(ਜਦੋਂ ਉਹ ਅੱਗੇ ਵਧਦੇ ਹਨ ਤਾਂ ਸਿਪਾਹੀ ਉਹਨਾਂ ਨੂੰ ਰੋਕਦੇ ਹਨ।)*

ਇਕ ਸਿਪਾਹੀ : ਓਏ ਕਿਧਰ ਧੁੱਸ ਦੇਈ ਜਾਂਦੇ ਹੋ ਮੂਰਖੋ ?

ਇਕ ਪੇਂਡੂ : ਅਸੀਂ ਦਰਬਾਰ ਜਾਣਾ ਹੈ।

ਦੂਜਾ ਸਿਪਾਹੀ : ਦਰਬਾਰ ਜਾਣ ਦੀ ਮਨਾਹੀ ਏ।

ਦੂਜਾ ਪੇਂਡੂ : ਅਸੀਂ ਫਰਿਆਦ ਕਰਨੀ ਏਂ ਕਿ ਅਸੀਂ ਮਾਲੀਆ ਨਹੀਂ ਦੇ ਸਕਦੇ।

ਇਕ ਸਿਪਾਹੀ : ਨੱਸ ਜਾਓ ਵੱਡੇ ਫਰਿਆਦਾਂ ਕਰਨ ਵਾਲੇ (ਉਹ ਪਿਛੇ ਹੱਟਦੇ ਹਨ ਤੇ ਉਹਨਾਂ ਦੀ ਨਜ਼ਰ ਟੰਗੀ ਹੋਈ ਲਾਸ਼ 'ਤੇ ਜਾ ਪੈਂਦੀ ਹੈ।)

ਸਿਪਾਹੀ : ਓਏ ਮੂਰਖੋ ਕੀ ਪਏ ਵੇਖਦੇ ਹੋ ?

ਪੇਂਡੂ : ਖ਼ਾਨ ਸਾਹਿਬ ਇਹ ਕੀ ਸ਼ੈ ਹੈ ?

ਸਿਪਾਹੀ : ਓਏ ਮੈਂ ਦੱਸਤਾ ਹਾਂ–ਇਹ ਬਾਰ ਦੇ ਸਰਦਾਰ ਸਾਂਦਲ, ਉਹਦੇ ਪੁੱਤਰ ਫ਼ਰੀਦ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਖੱਲਾਂ ਨੇ–ਉਨ੍ਹਾਂ ਖਬੀਸਾਂ ਨੇ ਬਾਦਸ਼ਾਹ ਦੇ ਖ਼ਿਲਾਫ ਬਗ਼ਾਵਤ ਕੀਤੀ–ਬਾਦਸ਼ਾਹ ਦੇ ਕਾਨੂੰਨ ਨੂੰ ਲਲਕਾਰਿਆ–ਕਹਿਣ ਲੱਗੇ ਅਸੀਂ ਮਿਹਨਤ ਕਰਦੇ ਹਾਂ, ਮਿੱਟੀ ਨਾਲ ਮਿੱਟੀ ਹੁੰਦੇ ਹਾਂ, ਸਾਨੂੰ ਦੋ ਵੇਲੇ ਦੀ ਰੋਟੀ ਨਸੀਬ ਨਹੀਂ, ਬਾਦਸ਼ਾਹ ਦੇ ਅਮੀਰ ਕੁਝ ਨਹੀਂ ਕਰਦੇ, ਵਿਹਲੇ ਸਾਰੀਆਂ ਨਿਆਮਤਾਂ ਖਾਂਦੇ ਨੇ। ਬਾਦਸ਼ਾਹ ਨੇ ਕਿਹਾ, ਇਹ ਅੱਲਾ ਦਾ ਕਾਨੂੰਨ ਏ, ਕਈ ਮੁਸ਼ੱਕਤ ਕਰਨ ਲਈ ਜੰਮੇ ਨੇ, ਕਈ ਕੁਰਸੀ 'ਤੇ ਬੈਠਣ ਲਈ ਜੰਮੇ ਨੇ, ਕਈਆਂ ਲਈ ਤਖ਼ਤ ਏ ਤੇ ਕਈਆਂ ਲਈ ਤਖਤਾ ਏ। ਉਨ੍ਹਾਂ

ਨੇ ਕਿਹਾ ਇਹ ਅੱਲਾ ਦਾ ਕਾਨੂੰਨ ਨਹੀਂ, ਅੱਲਾ ਨੇ ਸਭ ਨੂੰ ਇਕੋ ਜਿਹਾ ਪੈਦਾ ਕੀਤਾ ਏ, ਇਹ ਬਾਦਸ਼ਾਹ ਦਾ ਕਾਨੂੰਨ ਏ, ਅਸੀਂ ਇਸ ਕਾਨੂੰਨ ਤੋਂ ਨਾਬਰ ਹਾਂ। ਉਹ ਬੇਵਕੂਫ਼ ਸਨ, ਉਨ੍ਹਾਂ ਨੂੰ ਚਾਹੀਦਾ ਸੀ ਕਿ ਬਾਦਸਾਹ ਦਾ ਹੁਕਮ ਮੰਨਣ, ਜੇ ਬਾਦਸ਼ਾਹ ਆਖੇ ਕਿ ਮੀਂਹ ਵੱਸ ਰਿਹਾ ਤਾਂ ਉਨ੍ਹਾਂ ਨੂੰ ਝੁੰਬ ਮਾਰ ਲੈਣੇ ਚਾਹੀਦੇ ਸਨ, ਭਾਵੇਂ ਬੱਦਲੀ ਦਾ ਨਾਂ ਨਿਸ਼ਾਨ ਹੀ ਨਾ ਹੋਵੇ। ਜੇ ਬਾਦਸ਼ਾਹ ਆਖੇ ਕਿ ਰਾਤ ਹੈ ਤਾਂ ਸਾਰਿਆਂ ਨੂੰ ਬਿਸਤਰਿਆਂ ਵਿਚ ਵੜ ਜਾਣਾ ਚਾਹੀਦਾ ਸੀ ਭਾਵੇਂ ਸਿਖ਼ਰ ਦੁਪਹਿਰ ਹੀ ਹੋਵੇ। ਬਾਦਸ਼ਾਹ ਦਾ ਹੁਕਮ ਮੰਨਣਾ ਰਿਆਇਆ ਦਾ ਫਰਜ਼ ਏ, ਪਰ ਇਨ੍ਹਾਂ ਬੇਵਕੂਫਾਂ ਕਿਹਾ ਕਿ ਅਸੀਂ ਇਹ ਨਹੀਂ ਮੰਨਦੇ, ਸਾਡੇ ਸਿਰਾਂ ਵਿਚ ਦਿਮਾਗ਼ ਏ। ਬਾਦਸ਼ਾਹ ਨੇ ਕਿਹਾ ਜਿਨ੍ਹਾਂ ਸਿਰਾਂ 'ਚ ਦਿਮਾਗ਼ ਨੇ, ਉਹ ਸਿਰ ਲਾਹ ਦਿੱਤੇ ਜਾਣ ਤੇ ਉਨ੍ਹਾਂ ਵਿਚ ਤੂੜੀ ਭਰ ਦਿੱਤੀ ਜਾਵੇ, ਇਸ ਲਈ ਇਹਨਾਂ ਦੇ ਸਿਰ ਲਾਹ ਦਿੱਤੇ ਗਏ ਤੇ ਇਨ੍ਹਾਂ ਵਿਚ ਤੂੜੀ ਭਰ ਦਿੱਤੀ ਗਈ ਏ। ਸਮਝੇ ਕਿ ਨਹੀਂ ? ਨਹੀਂ ਸਮਝੇ ਤੇ ਫਿਰ ਮੈਂ ਸਮਝਾ ਦੇਵਾਂਗਾ। ਹੁਣ ਲਾਂਭੇ ਹੋ ਜਾਵੋ, ਖ਼ਾਨ ਸਾਹਿਬ ਆ ਰਹੇ ਨੇ, ਬੜੇ ਰੰਗ ਵਿਚ ਨੇ, ਉਨ੍ਹਾਂ ਦੇ ਰੰਗ ਵਿਚ ਭੰਗ ਨਾ ਪਾਓ।

*(ਪਿੰਡ ਵਾਲੇ ਇਕ ਪਾਸੇ ਹੋ ਜਾਂਦੇ ਹਨ ਅਤੇ ਖ਼ਾਨ ਸਾਹਿਬ ਆਪਣੇ ਸਾਥੀਆਂ ਨਾਲ ਆਉਂਦੇ ਹਨ।)*

ਖਾਨ : ਕਿਉਂ ਬਹਾਰ ਖਾਨ ਕਿਹੋ ਜਿਹਾ ਏ ਪਾਣੀ ?

ਬਹਾਰ : ਖਾਨ ਸਾਹਿਬ ਇਹਦੇ ਨਾਲੋਂ ਖੱਟੀ ਲੱਸੀ ਪਿਆ ਦੇਂਦੇ ਤੇ ਚੰਗਾ ਹੁੰਦਾ।

ਖਾਨ : ਅਸੀਂ ਇਹੋ ਪਾਣੀ ਪੀ ਕੇ ਲਾਹੌਰ ਤੋਂ ਪਿਸ਼ੌਰ ਤੱਕ ਮਾਰਾਂ ਮਾਰੀਆਂ।

ਮੀਰ : ਬਹਾਰ ਖਾਨ, ਸਾਡੇ ਖਾਨ ਸਾਹਿਬ ਨੇ ਵੱਡੇ-ਵੱਡੇ ਖਾਨਾਂ ਨੂੰ ਸਰ ਕੀਤਾ।

ਅਕਲ ਖਾਨ : ਉਹ ਖਾਨ ਨਹੀਂ ਹੋਣੇ, ਹੀਜੜੇ ਹੋਣੇ ਨੇ। ਓਏ ਮੀਰ, ਵੇਖਦਾ ਕੀ ਏ, ਪਾ ਖਾਨ ਸਾਹਿਬ ਨੂੰ ਕੁਝ ਹੋਰ, ਹਾਲੇ ਪਤਾ ਨਹੀਂ ਇਨ੍ਹਾਂ ਨੇ ਕਿਹੜੇ ਕਿਹੜੇ ਮੋਰਚੇ ਮਾਰਨੇ ਨੇ।

ਖਾਨ : ਬਹਾਰ ਖਾਨ, ਅਸੀਂ ਤਾਂ ਜ਼ਿੰਦਗੀ ਵਿਚ ਸੌ ਮੋਰਚਿਆਂ ਵਿਚੋਂ ਇਕੋ ਮੋਰਚਾ ਮਾਰ ਲਿਆ, ਜਿਹੜਾ ਸਾਂਦਲ ਅਤੇ ਉਹਦੇ ਪੁੱਤ ਫ਼ਰੀਦ ਨੂੰ ਬੰਨ੍ਹ, ਬਾਦਸ਼ਾਹ ਦੇ ਹਵਾਲੇ ਕੀਤਾ।

ਮੀਰ : ਇਹ ਬਾਰ ਵਾਲੇ ਭੱਟੀ ਤਾਂ ਬਾਦਸ਼ਾਹ ਲਈ ਵੱਬਾ ਸੀ।

ਬਹਾਰ : ਬਾਦਸ਼ਾਹ ਤੋਂ ਬਿਲਕੁਲ ਨਾਬਰ ਸਨ।

ਮੀਰ : ਖੁੱਲ੍ਹੀ ਬਗ਼ਾਵਤ 'ਤੇ ਉਤਰੇ ਨਾਬਰ ਸਨ।

ਖਾਨ : ਪਰ ਖਬੀਸ ਸਾਡੀ ਤਾਕਤ ਨਹੀਂ ਜਾਣਦੇ ਸਨ।

ਅਕਲ ਖਾਨ : ਖਾਨ ਸਾਹਿਬ ਤਾਕਤ ਨਾਲ ਅਸੀਂ ਇਹਨਾਂ ਨੂੰ ਜ਼ੇਰ ਤਾਂ ਕਰ ਲਿਆ ਏ, ਇਨ੍ਹਾਂ ਦੇ ਸਿਰ ਲਾਹ ਕੇ ਦਰਵਾਜਿਆਂ ਨਾਲ ਵੀ ਲਟਕਾ ਦਿੱਤੇ ਨੇ, ਇਨ੍ਹਾਂ ਦੀਆਂ ਖੱਲਾਂ ਲੁਹਾ ਕੇ ਤੂੜੀ ਵੀ ਭਰਵਾ ਦਿੱਤੀ ਏ, ਪਰ ਸੱਚ ਮੰਨੋਂ ਉਹ ਹਾਲੇ ਵੀ ਮਰੇ ਨਹੀਂ, ਰਾਤੀਂ ਸੁੱਤਿਆਂ-ਸੁੱਤਿਆਂ ਖਵਾਬ ਵਿਚ ਮੈਨੂੰ ਲੱਗਦਾ ਏ ਕਿ ਸਾਨੂੰ ਆ ਪਏ ਨੇ।

ਖਾਨ : ਕਿਹੜੇ ਵਹਿਮਾਂ ਵਿਚ ਪੈ ਗਏ ਹੋ ? ਵਾਕਈ ਬਹਾਰ ਖਾਨ ਸਾਡੀ ਸ਼ਰਾਬ ਵਿਚ ਜਾਨ ਨਹੀਂ, ਜਿਹੜਾ ਅਕਲ ਖਾਨ ਸੁੱਤੇ ਸੁੱਤੇ ਖਵਾਬਾਂ ਕੋਲੋਂ ਤ੍ਰਹਿੰਦੇ ਪਏ ਨੇ।

ਅਕਲ ਖਾਨ : ਤੇ ਖਾਨ ਸਾਹਿਬ ਇਹ ਖਵਾਬ ਉਦੋਂ ਹਕੀਕਤ ਬਣ ਜਾਣੇ ਨੇ, ਜਦੋਂ ਉਹ ਜਵਾਕ ਵੱਡੇ ਹੋਏ, ਜਿਨ੍ਹਾਂ ਦੇ ਪਿਉਆਂ ਦੀਆਂ ਲਾਸ਼ਾਂ ਨੂੰ ਅਸੀਂ ਇਸ ਤਰ੍ਹਾਂ ਜ਼ਲੀਲ ਪਏ ਕਰਦੇ ਹਾਂ।

ਖਾਨ : ਇਹ ਲਾਸ਼ਾਂ ਤਾਂ, ਤਾਂ ਹੀ ਲਟਕਾਈਆਂ ਗਈਆਂ ਨੇ ਕਿ ਬਾਰ ਦੇ ਜੱਟਾਂ ਨੂੰ ਪੁਸ਼ਤਾਂ ਤੱਕ ਯਾਦ ਰਹੇ ਕਿ ਜਿਹੜੇ ਲੋਕ ਬਾਦਸ਼ਾਹ ਨਾਲ ਟੱਕਰ ਲੈਂਦੇ ਨੇ ਉਨ੍ਹਾਂ ਦਾ ਕੀ ਹਸ਼ਰ ਹੁੰਦਾ ਏ।

ਬਹਾਰ : ਬਾਦਸ਼ਾਹ ਦੀ ਬਾਦਸ਼ਾਹਤ ਇਸ ਤਰ੍ਹਾਂ ਹੀ ਚਲਈ ਏ।

ਮੀਰ : ਲੋਕਾਂ ਨੂੰ ਕਾਬੂ ਕਰਨ ਦਾ ਇਹੋ ਤਰੀਕਾ ਏ।

ਅਕਲ ਖਾਨ : ਕੀ ਲਾਸ਼ਾਂ ਲਟਕਾਉਣ ਬਾਰੇ ਬਾਦਸ਼ਾਹ ਨੇ ਆਪ ਹੁਕਮ ਦਿੱਤਾ ਸੀ ?

ਖਾਨ : ਹਾਂ ਫ਼ਰੀਦ ਅਤੇ ਬੁੱਢੇ ਸਾਂਦਲ ਬਾਰੇ ਬਾਦਸ਼ਾਹ ਨੇ ਆਪ ਹੁਕਮ ਦਿੱਤਾ ਸੀ।

ਅਕਲ ਖਾਨ : ਤੇ ਬਾਕੀ ਦੂਜਿਆਂ ਲਈ ?

ਖਾਨ : ਬਾਕੀ ਦੂਜਿਆਂ ਲਈ ਅਸੀਂ ਕਾਰਵਾਈ ਆਪ ਕੀਤੀ ਏ।

ਮੀਰ : ਆਖ਼ਰ ਵੱਡੇ ਮੋਹਰੀ ਸਨ, ਇੰਝ ਕੱਲੇ ਲਟਕੇ ਚੰਗੇ ਲਗਦੇ ਸਨ ?

ਬਹਾਰ : ਨਾਲੇ ਸਾਡੇ ਬੱਚਿਆਂ ਨੂੰ ਵਾਹ-ਵਾਹ ਸ਼ੁਗਲ ਲੱਗਿਆ ਏ ਤੀਰ-ਅੰਦਾਜ਼ੀ ਦਾ।

ਅਕਲ ਖਾਨ : ਮੈਨੂੰ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਏ ਕਿ ਜਿਹੜੇ ਬੱਚੇ ਇਨ੍ਹਾਂ ਲਾਸ਼ਾਂ ਉੱਤੇ ਤੀਰ-ਅੰਦਾਜ਼ੀ ਕਰਕੇ ਸ਼ੁਗਲ ਲੈ ਰਹੇ ਨੇ ਇਨ੍ਹਾਂ ਨੂੰ ਇਸ ਸ਼ੁਗਲ ਦੀ ਬੜੀ ਮਹਿੰਗੀ ਕੀਮਤ ਦੇਣੀ ਪਵੇਗੀ।

ਖਾਨ : ਮਤਲਬ ?

ਅਕਲ ਖਾਨ : ਜਦੋਂ ਬਾਰ ਦੇ ਜੁਆਕਾਂ ਨੇ ਵੱਡੇ ਹੋ ਕੇ ਆਪਣੇ ਵੱਡੇ ਵਡੇਰਿਆਂ ਦਾ ਬਦਲਾ ਲਿਆ। ਇਹ ਤਾਂ ਇਨ੍ਹਾਂ ਦੇ ਮੁਰਦੇ ਜਿਸਮਾਂ ਵਿਚੋਂ ਤੀਰ ਲੰਘਾਉਂਦੇ ਨੇ, ਉਹਨਾਂ ਨੇ ਇਹਨਾਂ ਦੇ ਜ਼ਿੰਦਾ ਜਿਸਮਾਂ ਵਿਚੋਂ ਤੀਰ

ਲੰਘਾਉਣੇ ਨੇ।

ਖਾਨ : ਓਏ ਰਹਿਣ ਦਿਓ ਖਾਨ ਸਾਹਿਬ, ਇਨ੍ਹਾਂ ਦੀਆਂ ਔਰਤਾਂ ਤਾਂ ਅਸੀਂ ਸਾਰੀਆਂ ਬਾਂਧਾਂ ਬਣਾ ਕੇ ਨਾਲ ਲੈ ਆਏ ਹਾਂ। ਇਨ੍ਹਾਂ ਦੇ ਤੁਖ਼ਮ ਇਥੇ ਸਾਡੇ ਘਰਾਂ ਵਿਚ ਨੌਕਰਾਂ ਚਾਕਰਾਂ ਵਾਂਗ ਪਲਣਗੇ, ਮੋਏ ਇਨ੍ਹਾਂ ਨੂੰ ਆਪਣੇ ਪਿਓ ਯਾਦ ਰਹਿਣੇ ਨੇ।

ਬਹਾਰ : ਇਨ੍ਹਾਂ ਦੀਆਂ ਕੁੜੀਆਂ ਜਦੋਂ ਵੱਡੀਆਂ ਹੋਈਆਂ, ਸਾਡੇ ਜੁਆਕਾਂ ਦੀ ਦੂਜੀ ਤੀਰ ਅੰਦਾਜ਼ੀ ਵਿਚ ਕੰਮ ਆਉਣਗੀਆਂ।

ਮੀਰ : ਦੂਜੀ ਤੀਰ ਅੰਦਾਜ਼ੀ

ਖਾਨ : ਲੈ ਭੋਲਾ ਬਣਦਾ ਏ, ਇਸ ਤਰ੍ਹਾਂ ਇਣਨੇ ਜਵਾਨੀ ਵੇਲੇ ਕੋਈ ਤੀਰ ਚਲਾਇਆ ਹੀ ਨਹੀਂ ਹੋਣਾ।

ਬਹਾਰ : ਖਾਨ ਸਾਹਿਬ ਵੱਲ ਵੇਖ, ਬੁੱਢੇ ਹੋ ਗਏ ਨੇ, ਸੱਠ ਬੇਗ਼ਮਾਂ ਨੇ, ਪਰ ਹਾਲੇ ਵੀ ਇਹਨਾਂ ਦੇ ਤਰਕਸ਼ ਵਿਚੋਂ ਤੀਰ ਨਹੀਂ ਮੁੱਕੇ।

*(ਦੂਰੋਂ ਚੀਕਾਂ ਦੀਆਂ ਅਵਾਜ਼ਾਂ ਆਉਂਦੀਆਂ ਨੇ।)*

ਖਾਨ : ਲੈਆਪਣੇ ਸਿਪਾਹੀ ਵੀ ਤੀਰ-ਅੰਦਾਜ਼ੀ 'ਤੇ ਲੱਗੇ ਹੋਏ ਨੇ। ਤੁਸੀਂ ਕਿਹੜੀਆਂ ਸੋਚਾਂ ਵਿਚ ਪੈ ਗਏ ਹੋ ਖਾਨ ਸਾਹਿਬ।

ਅਕਲ ਖਾਨ : ਸੋਚਦਾ ਪਿਆ ਹਾਂ ਕਿ ਇਨਸਾਨ ਕਿੰਨੀ ਨੇੜੇ ਦੀ ਸੋਚਦਾ ਹੈ।

ਖਾਨ : ਕੀ ਮਤਲਬ ?

ਅਕਲ ਖਾਨ : ਅੱਜ ਜਿਨ੍ਹਾਂ ਮਾਵਾਂ ਨੂੰ ਤੁਸੀਂ ਬਾਂਧਾਂ ਬਣਾ ਕੇ ਲੇ ਆਏ ਹੋ, ਤੁਸੀਂ ਉਨ੍ਹਾਂ ਨੂੰ ਆਪਣੀਆਂ ਗੋਲੀਆਂ ਬਣਾ ਲਵੋਗੇ, ਰਖੇਲਾਂ ਬਣਾ ਲਵੋਗੇ, ਪਰ ਤੁਹਾਡਾ ਕੀ ਮਤਲਬ ਏ ਉਹ ਆਪਣੀ ਔਲਾਦ ਨੂੰ ਕੋਈ ਕਹਾਣੀ ਨਹੀਂ ਸੁਨਾਉਣਗੀਆਂ। ਆਪਦੀ ਔਲਾਦ ਨੂੰ ਇਹ ਨਹੀਂ ਦੱਸਣਗੀਆਂ ਕਿ ਉਨ੍ਹਾਂ ਦੇ ਵੱਡੇ ਵਡੇਰਿਆਂ ਨਾਲ ਕੀ ਜ਼ੁਲਮ ਹੋਏ। ਕਿਵੇਂ ਉਨ੍ਹਾਂ ਦੀ ਮਿਹਨਤ ਲੁੱਟੀ ਗਈ, ਕੀ ਉਹ ਬਦਲਾ ਨਹੀਂ ਲੈਣਗੇ ? ਫ਼ਰੀਦ ਦੀ ਵਹੁਟੀ ਜਿਹੜੀ ਅੱਜ ਹਾਮਲਾ ਏ, ਕੱਲ੍ਹ ਜਿਹੜਾ ਉਹਦਾ ਪੁੱਤਰ ਹੋਇਆ ਕੀ ਉਹ ਆਪਣੇ ਪਿਉ ਦਾਦੇ ਦਾ ਬਦਲਾ ਨਹੀਂ ਲਏਗਾ ?

ਬਹਾਰ : ਛੱਡੋ ਜੀ, ਅੱਗੇ ਦਾ ਫਿਕਰ ਕਿਉਂ ਕਰਦੇ ਹੋ, ਮੁੰਡਾ ਹੋਇਆ ਤਾਂ ਈ ਲਏਗਾ ?

ਮੀਰ : ਪਰ ਜੇ ਕੁੜੀ ਹੋਈ ?

ਖਾਨ : ਸਾਡੇ ਮਹਿਲਾਂ ਦੀ ਕਨੀਜ਼ ਬਣੇਗੀ।

ਬਹਾਰ : ਸਾਡੇ ਬੱਚੇ ਕੀ ਯਾਦ ਕਰਨਗੇ ਕਿ ਉਨ੍ਹਾਂ ਲਈ ਕੀ ਤੋਹਫ਼ਾ ਦਿੱਤਾ ਏ ਅਸੀਂ ? ਈਮਾਨ ਨਾਲ ਇਹ ਬਾਰ ਦੀਆਂ ਕੁੜੀਆਂ ਸੋਹਣੀਆਂ

ਹੀ ਬੜੀਆਂ ਨੇ।

ਮੀਰ : ਲੈ ਜੁੱਸੇ ਵੀ ਮੁਸ਼ੱਕਤ ਨਾਲ ਕਮਾਏ ਹੋਏ ਗਠਵੇਂ, ਗੁੰਦਵੇਂ।

ਬਹਾਰ : ਆਪਣੀਆਂ ਬੇਗਮਾਂ-ਐਵੇਂ ਰੂੰ ਵਾਂਗ ਪੋਲੀਆਂ।

ਮੀਰ : ਪੋਲੀਆਂ ਤੇ ਖ਼ੋਲੀਆਂ ਵੀ।

ਬਹਾਰ : ਤੇ ਬਾਰ ਦੀਆਂ ਤ੍ਰੀਮਤਾਂ।

ਮੀਰ : ਗੰਨੇ ਦੀਆਂ ਪੋਰੀਆਂ-ਰੱਸ ਨਾਲ ਭਰੀਆਂ।

ਬਹਾਰ : ਚੂਪੋ ਤੇ ਫੇਰ ਭਾਵੇਂ ਪਰੇ ਸੁੱਟ ਦੇਵੋ।

ਮੀਰ : ਪਰ ਆਪਣੀਆਂ ਬੇਗ਼ਮਾਂ ਹੈ ਵੀ ਫੋਕ ਤੇ ਨਾਲੇ ਸਾਰੀ ਉਮਰ ਦਾ ਰੋਗ।

ਅਕਲ ਖਾਨ : ਪਰ ਮੱਤ ਭੁੱਲਣਾ ਕਿ ਬਾਰ ਦੇ ਕੱਲਰ ਦੀਆਂ ਸੱਪਣੀਆਂ ਬੜੀਆਂ ਜ਼ਹਿਰੀ ਹੁੰਦੀਆਂ ਨੇ-ਉਨ੍ਹਾਂ ਦਾ ਡੱਸਿਆ ਪਾਣੀ ਨਹੀਂ ਮੰਗਦਾ।

ਮੀਰ : ਪਰ ਸਾਡੇ ਖਾਨ ਸਾਹਿਬ ਵੀ ਪੁਰਾਣੇ ਮਾਦਰੀ ਨੇ, ਸੱਪਣੀਆਂ ਨੂੰ ਕੀਲਣਾ ਜਾਣਦੇ ਨੇ...ਹਾ...ਹਾ...ਹਾ...ਹਾ...(ਖਾਨ ਅਤੇ ਉਹਦੇ ਸਾਥੀ ਬਾਹਰ ਜਾਂਦੇ ਹਨ ਅਤੇ ਕੋਰਸ ਮੰਚ 'ਤੇ ਆਉਂਦਾ ਹੈ ਅਤੇ ਗੀਤ ਗਾਉਂਦਾ ਹੈ।) ਉਹ ਹਾਕਮ ਮੌਜਾਂ ਮਾਣਦੇ, ਉਹ ਭੁੱਲੇ ਅੱਲਾ ਦਾ ਨਾਂ।

ਉਹ ਪੀਂਦੇ ਮੱਟ ਸ਼ਰਾਬ ਦੇ, ਉਨ੍ਹਾਂ ਲੁੱਟਿਆ ਕੁਲ ਜਹਾਨ।
ਬੋਲੇ ਜੋ ਉਨ੍ਹਾਂ ਸਾਹਮਣੇ, ਉਹ ਦੇਂਦੇ ਪਾਰ ਬੁਲਾ।
ਮਾਂ ਲੱਧੀ ਪੁੱਤਰ ਜੰਮਿਆ, ਉਸ ਰੱਖਿਆ ਦੁੱਲਾ ਨਾਂ।
ਉਹ ਪੁੱਤਰ ਉਸ ਫ਼ੀਰਦ ਦਾ
ਜਿਹੜਾ ਮੁਗ਼ਲਾਂ ਲਿਆ ਸੀ ਢਾਹ।
ਉਹ ਆਖੇ ਜੋ ਸ਼ਾਹ ਲੁੱਟਦੇ, ਮੈਂ ਭੰਨਾਂ ਉਹਨਾਂ ਦੀ ਬਾਂਹ।
ਮੈਂ ਲੁੱਟ ਖਜ਼ਾਨਾ ਸ਼ਾਹ ਦਾ, ਦਿਆਂ ਲੋਕਾਂ ਵਿਚ ਵਰਤਾ।
ਚੋਰਾਂ ਨੂੰ ਪੈਂਦੇ ਮੋਰ ਜੋ, ਹੁਣ ਫੜਾਂ ਮੈਂ ਉਹੋ ਰਾਹ।
ਬੇਲੀਆ ਫੜਾਂ ਮੈਂ ਉਹੋ ਰਾਹ।

## ਦੋ

(ਦੁੱਲਾ ਤੀਰ ਕਮਾਨ ਚੁੱਕੀ ਨਿਸ਼ਾਨੇਬਾਜ਼ੀ ਕਰ ਰਿਹਾ ਹੈ ਤੇ ਇਸੇ ਨਿਸ਼ਾਨੇਬਾਜ਼ੀ ਵਿਚ ਉਹ ਨੰਦੀ ਮਰਾਸਣ ਦੀ ਗਾਗਰ ਨੂੰ ਵਿੰਨ੍ਹ ਦਿੰਦਾ ਹੈ। ਉਹ (ਮਰਾਸਣ) ਕਲਪਦੀ, ਗਾਲ੍ਹਾਂ ਕੱਢਦੀ ਆਉਂਦੀ ਹੈ। ਹੱਥ ਵਿਚ ਸੋਟੀ ਹੈ, ਗੁੱਸਾ ਚੜ੍ਹਿਆ ਹੈ।)

ਨੰਦੀ : ਅੱਜ ਫੇਰ ਮੇਰੀ ਗਾਗਰ ਵਿੰਨ੍ਹ ਦਿੱਤੀ ਆ ?

ਦੁੱਲਾ : ਆਹੋ ਵਿੰਨ ਦਿੱਤੀ ਏ।

ਨੰਦੀ : ਹਯਾ ਤਾਂ ਨਹੀਂ ਆਉਂਦੀ।

ਦੁੱਲਾ : ਮਾਸੀ, ਮੈਂ ਤੇ ਜ਼ਰਾ ਨਿਸ਼ਾਨਾ ਪੱਕਾ ਕਰ ਰਿਹਾ ਸਾਂ।

ਨੰਦੀ : (ਹੱਥ ਮਾਰ ਕੇ) ਜੇ ਤੇਰਾ ਤੀਰ ਥੋੜ੍ਹਾ ਥੱਲੇ ਲੰਘ ਜਾਂਦਾ ਤੇ ਅੱਜ ਮੇਰੇ ਮਰਾਸੀ ਨੇ ਰੋਂਡਿਆ ਹੋ ਜਾਣਾ ਸੀ।

ਦੁੱਲਾ : ਲੈਂ, ਫੇਰ ਤੋਂ ਫੱਤੂ ਚਾਚੇ ਨੂੰ ਮੌਜਾਂ ਹੋ ਜਾਣੀਆਂ ਸਨ। ਉਹਨੂੰ ਇਕ ਹੋਰ ਨਵੀਂ ਨਕੋਰ ਰੰਨ ਮਿਲ ਜਾਣੀ ਸੀ।

ਨੰਦੀ : ਆਹੋ, ਤੁਸੀਂ ਮਰਦ ਖਸਮਾਂ ਨੂੰ ਖਾਣੇ ਤਾਂ ਚਾਹੁੰਦੇ ਈ ਹੋ ਕਿ ਅਸੀਂ ਇੰਝ ਈ ਮਰਦੀਆਂ ਰਹੀਏ ਤੇ ਤੁਹਾਨੂੰ ਨਵੀਆਂ ਨਕੋਰ ਮਿਲਦੀਆਂ ਰਹਿਣ, ਪਰ ਬੀਬਾ ਫ਼ਿਕਰ ਨਾ ਕਰ, ਮੈਂ ਇੰਝ ਮਗਰੋਂ ਲਹਿਣ ਵਾਲੀ ਨਹੀਂ।

ਦੁੱਲਾ : (ਸ਼ੇਖੀ ਨਾਲ) ਅੱਛਾ ਮਾਸੀ ਇਹ ਦੱਸ ਮੇਰਾ ਨਿਸ਼ਾਨਾ ਕਿਹੋ ਜਿਹਾ ਸੀ ?

ਨੰਦੀ : ਜੇ ਨਿਸ਼ਾਨੇਬਾਜ਼ੀ ਦਾ ਏਨਾ ਈ ਸ਼ੌਕ ਸੀ ਤੇ ਜਾ ਕੇ ਉਨ੍ਹਾਂ ਦੇ ਸਿਰ ਭੰਨ ਜੀਹਦੇ ਨਾਲ ਤੇਰੇ ਪਿਓ ਦਾਦੇ ਦੀ ਰੂਹ ਨੂੰ ਤਸਕੀਨ ਮਿਲੇ।

ਦੁੱਲਾ : ਕਿੰਨ੍ਹਾਂ ਦੇ ?

ਨੰਦੀ : ਆਪਣੀ ਮਾਂ ਕੋਲੋਂ ਪੁੱਛ।

ਦੁੱਲਾ : ਉਹ ਤੂੰ ਈ ਦੱਸ ਦੇ ਮਾਸੀ।

ਨੰਦੀ : ਨਾ ਮੈਂ ਦੱਸ ਕੇ ਤੇਰੀ ਮਾਂ ਕੋਲੋਂ ਗੁੱਤ ਪਟਾਉਣੀ ਏ। ਅੱਗੇ ਤੇਰੇ ਕਰਕੇ ਮੇਰਾ ਥੋੜ੍ਹੀ ਬਾਬ ਹੋਈ ਏ।

ਦੁੱਲਾ : ਕੀ ਬਾਬ ਹੋਈ ਏ ?

ਨੰਦੀ : ਤੂੰ ਮੇਰੇ ਸੱਤ ਵਾਰ ਘੜੇ ਭੰਨੇ-ਮੇਰੇ ਮਰਾਸੀ ਨੇ ਮੈਨੂੰ ਸੱਤ ਵਾਰ ਕੁੱਟਿਆ-ਅਖੇ ਤੂੰ ਛੋਹਰਾਂ ਨਾਲ ਮਸ਼ਕਰੀਆਂ ਕਰਨੀ ਏਂ। ਤੂੰ ਮੇਰੇ ਸੱਤ ਘੜੇ ਭੰਨੇ, ਉਹਨੇ ਮੇਰੀਆਂ ਸੱਤ ਹੱਡੀਆ ਭੰਨੀਆ। ਤੇਰੀ ਮਾਂ ਕੋਲ ਜਾ ਕੇ ਮੈਂ ਸ਼ਿਕਾਇਤ ਕੀਤੀ ਤੇ ਉਹਨੇ ਮੈਨੂੰ ਪਿੱਤਲ ਦੀ ਗਾਗਰ ਲੈ ਦਿੱਤੀ ਤੇ ਤੂੰ ਉਸ ਗਾਗਰ ਨੂੰ ਤੀਰ ਲਾਲ ਵਿੰਨ੍ਹ ਦਿੱਤਾ। ਹੁਣ ਮੈਂ ਘਰ ਜਾਸਾਂ ਤੇ ਮੇਰਾ ਮਰਾਸੀ ਮੈਨੂੰ ਪੁੱਛਸੀ, ਕਿਹਨੇ ਤੀਰ ਮਾਰਿਆ ਤੇ ਮੈਂ ਉਹਨੂੰ ਕੀ ਜਵਾਬ ਦੇਸਾਂ ?

ਦੁੱਲਾ : ਮਾਸੀ, ਤੂੰ ਆਖੀਂ ਦੁੱਲੇ ਭੱਟੀਏ ਨੇ ਭੰਨੀ ਏ।

ਨੰਦੀ : ਉਹ ਆਖਸੀ ਤੂੰ ਲੁਚੀਏ ਰੰਨੇ ਛੋਹਰਾਂ ਨਾਲ ਮਸ਼ਕਰੀਆਂ ਕਰਨੋਂ ਬਾਜ ਨਹੀਂ ਆਉਂਦੀ-ਇਨ੍ਹਾਂ ਮਰਦਾਂ ਖਸਮਾ ਖਾਣਿਆਂ ਦਾ ਸੁਭਾਅ

ਈ ਬੜਾ ਸ਼ੱਕੀ ਹੁੰਦੈ–ਆਪ ਭਾਵੇਂ ਪਰਾਈਆਂ ਖੁਰਲੀਆ 'ਤੇ ਮੂੰਹ ਪਏ ਮਾਰਨ, ਪਰ ਜੇ ਤੀਵੀ ਵਿਚਾਰੀ ਕਿਸੇ ਨਾਲ ਗੱਲ ਵੀ ਕਰ ਲਏ ਤੇ ਇਨ੍ਹਾਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ।

ਦੁੱਲਾ : ਮਾਸੀ, ਅੱਜ ਕੁਝ ਨਹੀਂ ਆਖਦਾ, ਤੂੰ ਉਹਨੂੰ ਆਖੀਂ ਦੁੱਲੇ ਨੇ ਸਲਾਮ ਭੇਜੀ ਏ ਤੇ ਰਾਤੀਂ ਆਵੇ, ਮਹਿਫ਼ਲ ਸਜੇਗੀ।

ਨੰਦੀ : (ਫਿਰ ਹੱਥ ਮਾਰਦੀ ਹੈ) ਨਾ ਮੈਂ ਨਾ ਆਖਸਾਂ, ਸ਼ਰਾਬ ਤੇਰੀ ਪੀ ਸੀ, ਹੱਡ ਮੇਰੇ ਭੰਨਸੀ।

ਦੁੱਲਾ : ਕਿਉਂ ?

ਨੰਦੀ : ਸ਼ਰਾਬ ਪੀ ਕੇ ਉਹ ਕੁੱਤਾ ਹੋ ਜਾਂਦੈ, ਤੇਰੇ ਅੱਗੇ ਤਾਂ ਪਾਉਂਛ ਹਿਲਾਏਗਾ, ਪਰ ਘਰ ਆ ਕੇ ਮੈਨੂੰ ਭੌਂਕਣਾ ਸ਼ੁਰੂ ਕਰ ਦੇਂਦਾ ਏ, ਨਾਲੇ ਬੀਬਾ ਬਣ ਕੇ ਮੇਰੀ ਗਾਗਰ ਸਬੂਤੀ ਕਰ ਦੇ।

ਦੁੱਲਾ : (ਝੂਠਾ ਹਾਸਾ ਹੱਸ ਕੇ) ਕਰ ਦਿਆਂ।

ਨੰਦੀ : ਹਾਂ ਬੜਾ ਬੀਬਾ ਏ, ਕਰ ਦੇ।

ਦੁੱਲਾ : (ਸੋਟੀ ਵਖਾਉਂਦਾ ਹੋਇਆ) ਜਾਂਦੀ ਏ ਕਿ ਨਹੀਂ–ਨਹੀਂ ਤਾਂ ਗਾਗਰ ਮਾਰ ਕੇ ਤੇਰਾ ਸਿਰ ਭੰਨ ਦਿਆਂਗਾ।

ਨੰਦੀ : (ਫਿਰ ਕਲਪਦੀ ਹੈ) ਹਾਏ, ਮੇਰਾ ਸਿਰ ਕਿਉਂ ਭੰਨੇਂਗਾ। ਜੇ ਏਡਾ ਈ ਰਾਠ ਏਂ ਤੇ ਜਾ ਕੇ ਉਨ੍ਹਾਂ ਦੇ ਸਿਰ ਭੰਨ ਜਿਹੜੇ ਤੇਰੇ ਪਿਓ ਦਾਦੇ ਨੂੰ ਖਾ ਗਏ।

ਦੁੱਲਾ : ਕੌਣ ਖਾ ਗਏ ?

ਨੰਦੀ : ਆਪਣੀ ਮਾਂ ਕੋਲੋਂ ਪੁੱਛ। (ਦੁੱਲਾ ਕੁਝ ਸੋਚਦਾ ਹੋਇਆ ਚਲਾ ਜਾਂਦਾ ਏ...ਪਛਤਾਵਾ ਕਰਕੇ) ਹਾਏ ਰੱਬਾ, ਮੇਰੀ ਤੱਤੜੀ ਜ਼ਬਾਨ–ਮੈਂ ਤੇ ਭੈਣ ਲੱਧੀ ਅੱਗੇ ਸੌਂਹ ਖਾਧੀ ਸੀ ਕਿ ਦੁੱਲੇ ਨਾਲ ਇਹ ਗੱਲ ਨਹੀਂ ਕਰਾਂਗੀ। ਹੁਣ ਕੀ ਹੋਵੇਗਾ ? ਚਲੋ ਜੋ ਅੱਲਾ ਨੂੰ ਭਾਇਆ ਉਹੋ ਹੋਏਗਾ।

*(ਪਛਤਾਉਂਦੀ ਹੋਈ ਚਲੀ ਜਾਂਦੀ ਹੈ। ਦੁੱਲੇ ਦੀ ਮਾਂ ਬੈਠੀ ਦੋਰੀ ਵਿਚ ਕੁਝ ਕੁੱਟ ਰਹੀ ਹੈ। ਤੇ ਦੁੱਲਾ ਗਤਾਵਾ ਕਰ ਰਿਹਾ ਹੈ। ਦੋਵਾਂ ਦੀ ਗੱਲਬਾਤ ਹੁੰਦੀ ਹੈ।)*

ਦੁੱਲਾ : ਮਾਂ, ਮੇਰਾ ਨਾਂ ਦੁੱਲਾ ਕਿਹਨੇ ਰੱਖਿਐ ?

ਲੱਧੀ : ਮੈਂ ਰੱਖਿਐ ਪੁੱਤਰ।

ਦੁੱਲਾ : ਤੂੰ ਮੇਰਾ ਨਾਂ ਨੱਬੂ ਕਿਉਂ ਨਾ ਰੱਖਿਆ ?

ਲੱਧੀ : ਤੇਰਾ ਸੋਹਣਾ ਕਲਮ ਵਰਗਾ ਨੱਕ, ਸੁੱਖ ਨਾਲ ਨੱਬੂ ਕਿਉਂ ਰੱਖਦੀ।

ਦੁੱਲਾ : ਤੂੰ ਮੇਰਾ ਨਾਂ ਘਸੀਟਾ ਕਿਉਂ ਨਾ ਰੱਖਿਆ ?

ਲੱਧੀ : ਤੂੰ ਤੁਰਨਾ ਏ ਤੇ ਜ਼ਮੀਨ 'ਤੇ ਧਮਕ ਪੈਂਦੀ ਏ-ਮੈਂ ਘਸੀਟਾ ਕਿਉਂ ਰੱਖਦੀ।

ਦੁੱਲਾ : ਤੂੰ ਮੇਰਾ ਨਾਂ ਐਰਾ ਰੱਖ ਦਿੰਦੀ ਗ਼ੈਰਾ ਰੱਖ ਦਿੰਦੀ।

ਲੱਧੀ : ਮੈਂ ਐਰਾ ਕਿਉਂ ਰੱਖਦੀ, ਗ਼ੈਰਾ ਕਿਉਂ ਰੱਖਦੀ, ਤੂੰ ਮੇਰਾ ਸੌਵਾਂ ਵਿਚੋਂ ਇਕ ਪੁੱਤ ਏਂ।

ਦੁੱਲਾ : ਤੇ ਤੂੰ ਮੇਰਾ ਨਾਂ ਦੁੱਲਾ ਰੱਖਿਆ।

ਲੱਧੀ : ਦੁੱਲਾ ਸੂਰਮਾ।

ਦੁੱਲਾ : ਪਰ ਮਾਂ, ਜੇ ਸੂਰਮੇ ਨੂੰ ਬੋਲੀ ਵੱਜ ਜਾਏ ਫੇਰ ?

ਲੱਧੀ : ਕਹਿੰਦੇ ਨੇ ਧੀ ਦੇ ਪਰ੍ਹਾਂ ਗਾਲ੍ਹ ਨਹੀਂ, ਸਿਰੋਂ ਪਰ੍ਹੇ ਖ਼ੂਨ ਕੋਈ ਨਹੀਂ, ਘਰੋਂ ਪਰ੍ਹੇ ਡੰਡ ਕੋਈ ਨਹੀਂ, ਬੋਲੀਓਂ ਪਰ੍ਹੇ ਸੂਰਮੇ ਨੂੰ ਨਮੋਸ਼ੀ ਕੋਈ ਨਹੀਂ।

ਦੁੱਲਾ : ਤੇ ਮਾਂ ਤੈਨੂੰ ਇਹ ਵੀ ਪਤਾ ਏ ਬੋਲੀ ਸੂਰਮੇ ਨੂੰ ਹੁੰਦੀ ਏ, ਗੀਦੀ ਮੂਜੀ ਨੂੰ ਬੋਲੀ ਕੁਝ ਨਹੀਂ ਆਖਦੀ।

*(ਤਿੰਨ ਪੇਂਡੂ ਲੰਘਦੇ ਹਨ ਤੇ ਸਲਾਮ ਕਹਿ ਕੇ ਲੰਘ ਜਾਂਦੇ ਹਨ।)*

ਪੇਂਡੂ 1 : ਸੁਣਾ ਬਈ ਦੁੱਲਿਆ ਕੀ ਹਾਲ ਏ ਤੇਰਾ ?

ਦੁੱਲਾ : ਬਸ ਠੀਕ ਏ ਚਾਚਾ, ਤੂੰ ਸੁਣਾ।

ਪੇਂਡੂ 2 : ਆ ਲੈ ਚਲੀਏ ਖੇਤਾਂ ਨੂੰ।

ਦੁੱਲਾ : ਬਸ ਤੁਸੀਂ ਚਲੋ ਮੈਂ ਆਉਂਦਾ ਜ਼ਰਾ ਗਤਾਵਾ ਕਰ ਲਵਾਂ।

ਪੇਂਡੂ 3 : ਸੁਣ ਬਈ ਡੰਗਰ ਵੱਛੇ ਦਾ ਕੀ ਹਾਲ ਏ ?

ਦੁੱਲਾ : ਬਸ ਸਭ ਠੀਕ ਠਾਕ ਏ।

*(ਤਿੰਨੇ ਚਲੇ ਜਾਂਦੇ ਹਨ। ਗੱਲ ਜਾਰੀ ਰੱਖਦਿਆਂ ਹੋਇਆਂ...)*

ਲੱਧੀ : ਪਰ ਐਸਾ ਕੌਣ ਏ, ਜਿਹੜਾ ਸੂਰਮੇ ਪੁੱਤ ਨੂੰ ਬੋਲੀ ਮਾਰ ਗਿਐ ?

ਦੁੱਲਾ : ਇਹ ਮੈਂ ਪਿਛੋਂ ਦੱਸਾਂਗਾ ਮਾਂ, ਪਹਿਲੋਂ ਇਹ ਦੱਸ, ਮਾਂ-ਪੁੱਤਰ ਦਰਮਿਆਨ ਕੋਈ ਭੇਤ ਹੁੰਦਾ ਏ ?

ਲੱਧੀ : ਪੁੱਤਰ ਦੇ ਲਹੂ ਵਿਚ ਮਾਂ ਦਾ ਦੁੱਧ ਹੁੰਦਾ ਏ, ਇਸੇ ਲਈ ਸੱਟ ਪੁੱਤਰ ਨੂੰ ਵੱਜਦੀ ਏ ਤੇ ਪੀੜ ਮਾਂ ਨੂੰ ਹੁੰਦੀ ਏ।

ਦੁੱਲਾ : ਪਰ ਕੋਈ ਭੇਤ ਐਸੇ ਹੁੰਦੇ ਨੇ ਜਿਹੜੇ ਮਾਵਾਂ ਪੁੱਤਰਾਂ ਕੋਲੋਂ ਛੁਪਾ ਕੇ ਰੱਖਦੀਆਂ ਨੇ।

ਲੱਧੀ : ਉਹਨਾਂ ਦਾ ਪੁੱਤਰਾਂ ਲਈ ਮੋਹ ਹੀ ਉਨ੍ਹਾਂ ਤੋਂ ਇਹ ਕਰਵਾਉਂਦਾ ਏ, ਪਰ ਅੱਜ ਤੂੰ ਕਿਹੋ ਜਿਹੀਆਂ ਬੁਝਾਰਤਾਂ ਪਿਆ ਪਾਉਂਦਾ ਏ, ਸੱਚੋ ਸੱਚ ਦੱਸ ਤੇਰੇ ਦਿਲ ਵਿਚ ਕੀ ਏ ?

ਦੁੱਲਾ : ਮਾਂ-ਮੇਰੇ ਪਿਓ ਦਾਦੇ ਨੂੰ ਕਿਸ ਨੇ ਮਾਰਿਆ ਸੀ ?

*(ਲੱਧੀ ਨੂੰ ਪਤਾ ਲਗ ਜਾਂਦਾ ਏ ਕਿ ਦੁੱਲਾ ਉਹਦੇ ਕੋਲੋਂ ਕੀ ਪੁੱਛਣਾ ਚਾਹੁੰਦੈ, ਪਰ ਉਹ ਉਸ ਨੂੰ ਟਾਲਣ ਦੀ ਕੋਸ਼ਿਸ਼ ਕਰਦੀ ਏ।)*

ਲੱਧੀ : ਤੇਰੇ ਪਿਓ ਦਾਦੇ ਵੱਡੇ ਸੂਰਮੇ ਸਨ।

ਦੁੱਲਾ : ਇਹ ਮੇਰੇ ਸਵਾਲ ਦਾ ਜਵਾਬ ਨਹੀਂ ਮਾਂ।

ਲੱਧੀ : ਤੇਰੇ ਪਿਓ ਦਾਦੇ ਤਲਵਾਰ ਦੇ ਧਨੀ ਸਨ।

ਦੁੱਲਾ : ਮਾਂ, ਮੈਂ ਇਹ ਵੀ ਨਹੀਂ ਪੁੱਛਿਆ।

ਲੱਧੀ : ਉਹ ਜੇ 'ਟੱਮਕ' ਵਜਾਂਦੇ ਸਨ ਤੇ ਉਹਦੀ ਗੂੰਜ ਲਾਹੌਰ ਜਾਂਦੀ ਸੀ।

ਦੁੱਲਾ : ਮਾਂ ਮੈਨੂੰ ਜਵਾਬ ਦੇ ਮੇਰੇ ਪਿਓ ਦਾਦੇ ਨੂੰ ਕਿਸ ਨੇ ਮਾਰਿਆ ਸੀ ?

ਲੱਧੀ : ਜੇ ਉਹ ਲਲਕਾਰਦੇ ਸਨ ਤੇ ਉਨ੍ਹਾਂ ਦੀ ਲਲਕਾਰ ਬਾਰ੍ਹਾਂ ਕੋਹ ਤੱਕ ਸੁਣਾਈ ਦੇਂਦੀ ਸੀ।

ਦੁੱਲਾ : (ਖਿੱਝ ਕੇ) ਮਾਂ!

ਲੱਧੀ : ਉਨ੍ਹਾਂ ਵਰਗਾ ਘੋੜ-ਸਵਾਰ ਸਾਰੇ ਬਾਰ ਵਿਚ ਕੋਈ ਨਹੀਂ ਸੀ।

ਦੁੱਲਾ : (ਪੂਰੇ ਜੋਸ਼ ਨਾਲ) ਪਰ ਮਾਂ ਉਨ੍ਹਾਂ ਨੂੰ ਮਾਰਿਆ ਕਿਸ ਨੇ ਸੀ ?

ਲੱਧੀ : ਲਗਦੈ ਤੂੰ ਅੱਜ ਮੇਰੇ ਕੋਲੋਂ ਉਹ ਗੱਲ ਪੁੱਛ ਕੇ ਛੱਡੇਂਗਾ, ਜਿਹੜੀ ਮੈਂ ਆਪਣੇ ਦਿਲ ਵਿਚ ਵੀਹਾਂ ਵਰ੍ਹਿਆਂ ਤੱਕ ਛੁਪਾਈ ਰੱਖੀ। ਤੇਰੇ ਪਿਓ ਦਾਦੇ ਅਕਬਰ ਬਾਦਸ਼ਾਹ ਤੋਂ ਆਕੀ ਸਨ-ਉਹ ਕਹਿੰਦੇ ਸਨ ਅਸੀਂ ਬਾਦਸ਼ਾਹ ਨੂੰ ਮਾਲੀਆ ਨਹੀਂ ਦੇਣਾ, ਸਾਡੇ ਭੜੋਲੇ ਸੱਖਣੇ ਕਰ ਕੇ ਆਪਣੇ ਭਰਨ ਵਾਲਾ ਬਾਦਸ਼ਾਹ ਕੌਣ ਹੁੰਦੈ ?

ਦੁੱਲਾ : ਫੇਰ ਕੀ ਹੋਇਆ ?

ਲੱਧੀ : ਉਹੀ ਜੋ ਮੌਤ ਨੂੰ, ਤਖ਼ਤ ਨੂੰ ਵੰਗਾਰਨ ਵਾਲਿਆਂ ਦਾ ਹੁੰਦਾ ਆਇਆ ਹੈ।

ਦੁੱਲਾ : ਮੈਂ ਸਮਝਿਆ ਨਹੀਂ ਮਾਂ।

ਲੱਧੀ : ਸੂਲੀ... ਮੇਰੇ ਸ਼ੇਰ ਪੁੱਤਰਾ... ਸੂਲੀ। ਜਦੋਂ ਉਹ ਤੇਰੇ ਪਿਓ ਦਾਦੇ ਨੂੰ ਫੜਨ ਆਏ ਤਾਂ ਅਸਮਾਨੋਂ ਹਾਲੀ ਤਾਰਿਆਂ ਦੀ ਵਹਿੰਗੀ ਵੀ ਨਹੀਂ ਸੀ ਲੱਥੀ, ਹਾਲੀ ਚਿੜੀ ਵੀ ਨਹੀਂ ਸੀ ਚੂਕੀ, ਉਹ ਆਏ ਤੇ ਉਹਨਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਚਲੇ-ਮੈਂ ਤੇਰੇ ਪਿਓ ਵੱਲ ਤੱਕਿਆ, ਉਹਦੀਆਂ ਅੱਖਾਂ ਵਿਚ ਅੱਗ ਪਈ ਵਰ੍ਹਦੀ ਸੀ, ਲਹੂ ਪਿਆ ਸਿੰਮਦਾ ਸੀ, ਤੇ ਜਾਣ ਲਗਿਆਂ ਉਹ ਇਕ ਬਿੰਦ ਮੇਰੇ ਵੱਲ ਭਉਂ ਕੇ ਤੱਕਿਆ ਤੇ ਪਲ ਹੀ ਪਲ ਉਹ ਅੱਗ ਵਰ੍ਹਾਉਂਦੀਆਂ ਲਹੂ ਸਿੰਮਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਉਸ ਬਸ ਏਨਾ ਹੀ ਆਖਿਆ, 'ਅੱਛਾ ਲੱਧੀਏ 'ਰੱਬ ਰਾਖਾ' ਤੇ ਤੇਰੇ ਦਾਦੇ ਦੇ ਮੁੱਖ ਤੋਂ ਨੂਰ ਪਿਆ ਵਰ੍ਹਦਾ ਸੀ।

ਦੁੱਲਾ : ਉਸ ਵੇਲੇ ਪਿੰਡ ਵਾਲੇ ਕਿਥੇ ਸਨ ?

ਲੱਧੀ : ਕੁਝ ਸੁਤੇ ਹੋਏ ਸਨ ਤੇ ਜਾਗਦਿਆਂ ਨੂੰ ਉਹ ਨਾਲ ਲੈ ਗਏ।

ਦੁੱਲਾ : ਫੇਰ?

ਲੱਧੀ : ਫੇਰ ਉਹ ਖ਼ਬਰ ਆਈ ਜਿਸ ਦਾ ਮੈਨੂੰ ਡਰ ਸੀ। ਤੇਰੇ ਪਿਓ ਦਾਦੇ ਤੇ ਉਹਦੇ ਸਾਥੀਆਂ ਨੂੰ ਸੂਲੀ ਚਾੜ੍ਹ ਦਿੱਤਾ ਗਿਆ, ਉਨ੍ਹਾਂ ਦੀਆਂ ਲੋਥਾਂ ਦੀਆਂ ਖੱਲਾਂ ਲਾਹ ਦਿੱਤੀਆਂ ਗਈਆਂ-ਬਸ ਦੁੱਲਿਆ, ਮੇਰੇ ਕੋਲੋਂ ਹੋਰ ਨਾ ਪੁੱਛ-ਤੀਹ ਵਰ੍ਹਿਆਂ ਤੋਂ ਤੇਰੇ ਪਿਓ ਦੀ ਯਾਦ ਮੈਂ ਆਪਣੇ ਦਿਲ ਵਿਚ ਸਾਂਭੀ ਰੱਖੀ ਏ ਤੇ ਇਹ ਬਾਰ ਦੀ ਧਰਤੀ ਜਿਥੇ ਉਹ ਜੰਮਿਆ ਪਲਿਆ ਤੇ ਜਵਾਨ ਹੋਇਆ, ਉਹਦੇ ਹਥਿਆਰ ਸਾਂਭੀ ਬੈਠੀ ਏ-

ਦੁੱਲਾ : ਕਿਥੇ ਨੇ ਉਹ ਹਥਿਆਰ ?

ਲੱਧੀ : ਉਹ ਲਹਿੰਦੇ ਵੱਲ ਵਿਹੜੇ ਦੀ ਗੁੱਠ ਵਿਚ ਦਬੇ ਹੋਏ ਨੇ।

*(ਦੁੱਲਾ ਹਥਿਆਰ ਜ਼ਮੀਨ 'ਚੋਂ ਖੋਦਦਾ ਹੈ-ਲੱਧੀ ਪਿਛਲੇ ਅੰਦਰ ਤੋਂ ਟੱਮਕ ਲੈ ਆਉਂਦੀ ਹੈ-ਦੁੱਲਾ ਟੱਮਕ ਫੜਦਾ ਹੈ।)*

ਲੱਧੀ : ਤੀਹ ਵਰ੍ਹਿਆਂ ਤੋਂ ਟੱਮਕ ਦੀ ਧਮਕ ਨਹੀਂ ਪਈ ਦੁੱਲਿਆ, ਅੱਜ ਤੂੰ ਇਹਦੀ ਬਾਤ ਛੋਹੀ ਏ-ਮੈਂ ਸ਼ਗਨ ਕਰਾਂਗੀ...

*(ਦੁੱਲਾ ਹਥਿਆਰ ਲੈ ਕੇ ਟੱਮਕ ਅੱਗੇ ਜੋੜਦਾ ਹੈ ਤੇ ਲੱਧੀ ਕੱਚੀ ਲੱਸੀ ਅਤੇ ਦੀਵੇ ਨਾਲ ਸ਼ਗਨ ਕਰਦੀ ਹੈ ਤੇ ਫੇਰ ਟੱਮਕ ਵਜਾਉਣ ਲਈ ਉਹਦੇ ਹੱਥਾਂ ਵਿਚ ਸੋਟੀਆਂ ਫੜਾਉਂਦੀ ਹੈ।)*

ਲੱਧੀ : ਤੀਹਾਂ ਵਰ੍ਹਿਆਂ ਤੋਂ ਇਹ ਟੱਮਕ ਤੇਰੇ ਹੱਥਾਂ ਦੀ ਛੋਹ ਨੂੰ ਤਰਸਦੀ ਸੀ। ਦੁੱਲਿਆ ਵਜਾ।

*(ਦੁੱਲਾ ਸੋਟੀਆਂ ਹੱਥ ਵਿਚ ਫੜਦਾ ਹੈ ਅਤੇ ਇਹ ਬੋਲ ਬੋਲਦਾ ਹੈ।)*

ਦੁੱਲਾ : ਮੈਂ ਢਾਹਵਾਂ ਦਿੱਲੀ ਦੇ ਕਿੰਗਰੇ, ਭਾਜੜ ਪਾ ਦਿਆਂ ਤਖ਼ਤ ਲਾਹੌਰ। (ਟੱਮਕ ਵਜਾਉਂਦਾ ਹੈ ਤੇ ਇਹ ਅਵਾਜ਼ ਸੁਣ ਕੇ ਉਹਦੇ ਪਿੰਡ ਦੇ ਹੋਰ ਲੋਕ ਆ ਜਾਂਦੇ ਹਨ ਤੇ ਇਕ ਇਕ ਹਥਿਆਰ ਚੁੱਕ ਲੈਂਦੇ ਹਨ ਤੇ ਇਸੇ ਤਰ੍ਹਾਂ ਜੋਸ਼ ਵਿਚ ਬਾਹਰ ਜਾਂਦੇ ਹਨ। ਇਸੇ ਸਮੇਂ ਕੋਰਸ ਮੰਚ 'ਤੇ ਦਾਖ਼ਲ ਹੁੰਦਾ ਹੈ।)

ਕੋਰਸ : ਫਿਰ ਉਠਿਆ ਦੁੱਲਾ ਸੂਰਮਾ, ਉਹ ਦੀਆਂ ਅੱਖਾਂ ਲਾਲੋ ਲਾਲ।
ਇਹ ਕਿਸੇ ਨੇ ਆਪ ਬੁਲਾਇਆ, ਚੜ੍ਹ ਕੋਠੇ ਆਪਣਾ ਕਾਲ।
ਉਹ ਕਿਸੇ ਨਾ ਜਣਿਆ ਸੂਰਮਾ, ਜਿਹੜਾ ਝੱਲੇ ਸਾਡੀ ਝਾਲ।
ਉਹ ਮੈਂ ਰੰਡੀਆਂ ਕਰਾਂ ਲਾਹੌਰਨਾਂ, ਜਿਦ੍ਹੀ ਕਿਤੇ ਨਾ ਮਿਲੇ ਮਸਾਲ।

ਉਠੋ ਮਰਦ ਦਲੇਰੋ ਸਾਥੀਓ, ਸਿਰ ਮੰਗਦੀ ਸਾਡੀ ਬਾਰ।
ਇਹ ਭੰਨ ਦਿਓ ਮੱਟ ਸ਼ਰਾਬ ਦੇ, ਇਹ ਨਹੀਂ ਸਾਨੂੰ ਦਰਕਾਰ।
ਸਾਥੋਂ ਰੱਤ ਮੰਗਦੀਆਂ ਕਲਜੋਗਣਾਂ, ਅਸੀਂ ਪੂਰੀਏ ਅੱਜ ਇਕਰਾਰ।
ਅੱਜ ਦੋ ਜੁਗਤਾਂ ਦੀ ਭੇੜ ਹੈ, ਇਕ ਬਾਰ ਤੇ ਇਕ ਸਰਕਾਰ।
ਕੱਲ੍ਹ ਲੋਕੀਂ ਕਹਿਣ ਕਹਾਣੀਆਂ, ਇਉਂ ਮਰਦ ਵਿਖਾਉਂਦੇ ਜੌਹਰ।
ਅੱਜ ਧੌਂਸਾ ਖੜਕੇ ਬਾਰ 'ਚੋਂ, ਬੇਲੀਓ ਪਹੁੰਚੇ ਧਮਕ ਲਾਹੌਰ...

## ਤਿੰਨ

(ਇਕ ਮੁਗ਼ਲ ਪੰਜ ਹਜ਼ਾਰੀ ਆਰਜ਼ੀ ਤੌਰ 'ਤੇ ਖੇਮੇ ਲਗਾ ਕੇ ਬਾਰ ਦੇ ਇਲਾਕੇ ਵਿਚ ਠਹਿਰਿਆ ਹੋਇਆ ਹੈ ਤੇ ਦੁੱਲੇ ਦਾ ਸ਼ਰੀਕ ਚਾਚਾ ਚੋਰੀ ਚੋਰੀ ਇਕ ਪਾਸਿਓਂ ਆਂਦਾ ਹੈ।)

ਚਾਚਾ : ਮੇਰਾ ਨਾਂ ਏ ਅਲੀ,
ਮੈਂ ਸ਼ਰੀਕ ਫ਼ਰੀਦ ਦਾ।
ਕਦੀ ਕਦੀ ਹਾਂ ਦਿਸਦਾ, ਜਿਉਂ ਚੰਨ ਈਦ ਦਾ।
ਇਹ ਸਾਂਦਲ ਬਾਰ ਦੇ ਲੋਕ, ਬੜੇ ਹੀ ਹਰਾਮ-ਖੋਰ।
ਦੁੱਲਾ ਮੇਰਾ ਭੱਤੀਆ, ਕੱਲ੍ਹ ਦਾ ਮੁੰਡਾ, ਨਲੀ ਚੋਚੋ।
ਬਣਾਇਆ ਉਸ ਨੂੰ ਸਰਦਾਰ,
ਬਾਤ ਮੇਰੀ ਨਾ ਕੋਈ ਪੁੱਛਦਾ।
ਜਿਵੇਂ ਮੈਂ ਭੱਟੀ ਨਹੀਂ, ਹੈਗਾ ਹਾਂ ਕੋਈ ਖ਼ਾਕਸਾਰ।
ਇਥੇ ਸੂਬਾ ਆਇਆ ਹੈ ਪੰਜ ਹਜ਼ਾਰੀ।
ਮੈਂ ਵੀ ਕੀਤੀ ਏ ਪੂਰੀ ਕਾਰ-ਗੁਜ਼ਾਰੀ।
ਦੁੱਲੇ ਨੂੰ ਚੁੱਕ ਆਇਆ ਹਾਂ
ਰਾਤੀਂ ਡਾਕਾ ਤੂੰ ਮਾਰੀਂ, ਇਹ ਮੌਕੇ ਨਹੀਂ ਆਉਂਦੇ ਬਾਰ ਬਾਰ।
ਤੇ ਹੁਣ ਕਰਨਾ ਵਾਂ ਸੂਬੇ ਨੂੰ ਵੀ ਖ਼ਬਰਦਾਰ।
ਰਾਤੀਂ ਦੁੱਲਾ ਆਵੇਗਾ, ਫੜਿਆ ਉਹ ਜਾਵੇਗਾ।
ਸ਼ਰੀਕ ਇੰਝ ਮਰਨਗੇ, ਵਿਹੜਾ ਮੋਕਲਾ ਕਰਨਗੇ।
ਰਾਹ ਸਾਫ਼ ਕਰੇਗਾ ਲੱਧੀ ਭਾਬੀ ਦਾ ਬਰਖੁਰਦਾਰ।
ਅਲੀ ਮੈਦਾਨ ਵਿਚ ਗੱਜੇਗਾ ਬਣ ਭੱਟੀਆਂ ਦਾ ਸਰਦਾਰ।

*(ਖੇਮੇ ਦੇ ਅੰਦਰ ਜਾਂਦਿਆਂ ਸਿਪਾਹੀ ਉਸ ਨੂੰ ਰੋਕ ਲੈਂਦੇ ਹਨ।)*

ਸਿਪਾਹੀ : ਕੌਣ ਏਂ ਤੂੰ ?
ਅਲੀ : ਇਕ ਭਲਾ ਆਦਮੀ ਹਾਂ। ਸੂਬੇ ਪੰਜ ਹਜ਼ਾਰੀ ਨੂੰ ਮਿਲਣਾ ਏਂ।
ਸਿਪਾਹੀ : ਸੂਬੇ ਹੋਰਾਂ ਨੂੰ ਮਿਲਣ ਦੀ ਮਨਾਹੀ ਹੈ।

ਅਲੀ : (ਜੇਬ ਵਿਚੋਂ ਕੁਝ ਰੁਪਏ ਕੱਢਦਾ ਹੈ) ਇਹ ਲਓ ਆਪਣਾ ਹਿੱਸਾ। (ਦਰਸ਼ਕਾਂ ਵੱਲੋਂ) ਅੱਜ ਦੇ ਵਕਤਾਂ ਵਿਚ ਇਹੋ ਹੀ ਖ਼ੁਦਾਈ ਏ।

ਸੂਬਾ : (ਦੂਰੋਂ ਖੇਮੇ 'ਚੋਂ) ਕੌਣ ਏ ਪਹਿਰੂਓ ?

ਸਿਪਾਹੀ : ਇਕ ਭਲਾ ਆਦਮੀ ਏ ਜਨਾਬ।

ਸੂਬਾ : ਕੀ ਚਾਹੁੰਦਾ ਏ ?

ਅਲੀ : ਜੀ ਮੈਂ ਬਾਰ ਦਾ ਭੱਟੀ ਹਾਂ।

ਸੂਬਾ : ਭੱਟੀ ਤਾਂ ਸਾਰੇ ਧਾੜਵੀ ਹੁੰਦੇ ਨੇ।

ਅਲੀ : ਮੈਂ ਉਨ੍ਹਾਂ ਵਿਚੋਂ ਨਹੀਂ ਹਾਂ-ਦੁੱਲਾ ਉਨ੍ਹਾਂ ਦਾ ਸਰਦਾਰ ਏ।

ਸੂਬਾ : ਕਿਹੜਾ ਦੁੱਲਾ ? ਜਿਸਦੇ ਪਿਓ ਦਾਦਿਆਂ ਦੀਆਂ ਲਾਸ਼ਾਂ ਸਾਲਾਂ ਬੱਧੀ ਲਾਹੌਰ ਦੇ ਬਾਹਰ ਟੰਗੀਆਂ ਰਹੀਆਂ ?

ਅਲੀ : ਆਹੋ ਜੀ, ਉਹ ਰਾਹ ਜਾਂਦਿਆਂ ਨੂੰ ਲੁੱਟ ਲੈਂਦਾ ਏ।

ਸੂਬਾ : ਫੇਰ ?

ਅਲੀ : ਮੈਂ ਤੁਹਾਨੂੰ ਖ਼ਬਰਦਾਰ ਕਰਨ ਆਇਆ ਹਾਂ।

ਸੂਬਾ : ਤੂੰ ਸਾਨੂੰ ਖ਼ਬਰਦਾਰ ਕਰਨ ਆਇਆ ਏਂ। ਤੇਰੀ ਹੋਸ਼ ਤੇ ਟਿਕਾਣੇ ਹੈ ? ਉਸ ਨੇ ਸਾਡੇ ਨਾਲ ਟੱਕਰ ਲੈ ਕੇ ਮਰਨਾ ਏਂ !

ਸਿਪਾਹੀ : ਓਏ, ਇਹ ਨੱਥੂ ਬਾਣੀਏ ਦੇ ਤੰਬੂ ਨਹੀਂ ਲੱਗੇ-ਸੂਬਾ ਖਾਨ ਬਹਾਦਰ ਪੰਜ ਹਜ਼ਾਰੀ ਦਾ ਖੇਮਾ ਏ-ਇਥੇ ਕੋਈ ਚਿੜੀ ਨਹੀਂ ਫੜਕ ਸਕਦੀ।

ਅਲੀ : ਤੁਸੀਂ ਵੱਡੇ ਲੋਕ ਹੋਏ-ਤੁਹਾਡੇ ਕੋਲ ਵੱਡੀਆਂ ਦੌਲਤਾਂ ਹੋਈਆਂ-ਤੁਸੀਂ ਉਜਾੜ ਵਿਚ ਖੇਮੇ ਲਾ ਕੇ ਬੈਠੇ ਹੋ-ਦਿਲ ਲਗਾਉਣ ਲਈ ਤੁਹਾਡੇ ਕੋਲ ਕੋਈ ਸ਼ੈ ਨਹੀਂ-ਇਸ ਲਈ ਰਾਤ ਮਹਿਫ਼ਲ ਤਾਂ ਸਜੇਗੀ।

ਸੂਬਾ : ਹਾਂ ਜ਼ਰੂਰ।

ਅਲੀ : ਸ਼ਰਾਬ ਦੇ ਮਟਕੇ ਵੀ ਖ਼ਾਲੀ ਹੋਣਗੇ ?

ਸੂਬਾ : ਉਹ ਤੇ ਹੋਣਗੇ।

ਅਲੀ : ਕੰਜਰੀਆਂ ਦਾ ਨਾਚ ਵੀ ਵੇਖੋਗੇ ?

ਸੂਬਾ : ਉਹ ਤਾਂ ਵੇਖਾਂਗੇ।

ਅਲੀ : ਫੇਰ ਉਹ ਤੁਹਾਡੇ ਨਾਲ ਖੇਮੇ ਵਿਚ ਵੀ ਜਾਣਗੀਆਂ।

ਸੂਬਾ : ਪਰ ਤੂੰ ਕਹਿਣਾ ਕੀ ਚਾਹੁੰਦਾ ਏਂ ?

ਅਲੀ : ਜਨਾਬ ਅਸੀਂ ਆਪ ਸਰਦਾਰ ਹੋਏ-ਸਾਨੂੰ ਵੱਡੇ ਲੋਕਾਂ ਦੀਆਂ ਇੱਲਤਾਂ ਦਾ ਪਤਾ ਏ।

ਸੂਬਾ : ਅੱਗੇ ਬੋਲ

ਅਲੀ : ਤੇ ਫੇਰ ਇਹਦੇ ਬਾਅਦ ਨੀਂਦ ਵੀ ਇੰਝ ਆਉਂਦੀ ਏ ਜਿਵੇਂ ਕੋਈ ਘੋੜੇ ਵੇਚ ਕੇ ਸੁੱਤਾ ਹੋਵੇ।

ਸੂਬਾ : (ਫੂਕ ਵਿਚ ਆ ਕੇ) ਤੈਨੂੰ ਗੱਲ ਕਰਨ ਦਾ ਵੱਲ ਆਉਂਦੇ ਏ।

ਅਲੀ : ਪਰ ਘੋੜੇ ਅਸਲ ਵਿਚ ਵੇਚੇ ਨਹੀਂ ਹੁੰਦੇ-ਉਹ ਤਾਂ ਕਿੱਲੇ ਨਾਲ ਬੰਨੇ ਹੁੰਦੇ ਨੇ-ਤੇ ਇਹੋ ਜਿਹੇ ਵੇਲੇ ਦੁੱਲਾ ਆਉਂਦਾ ਏ ਤੇ ਘੋੜੇ ਖੋਲ੍ਹ ਲਿਜਾਂਦਾ ਏ।

ਸੂਬਾ : ਉਏ ਦੁੱਲੇ ਨੂੰ ਨਹੀਂ ਪਤਾ ਅਸੀਂ ਪੰਜ ਹਜ਼ਾਰੀ ਸਰਦਾਰ ਹਾਂ-ਪੰਜ ਹਜ਼ਾਰ ਪੈਦਲ ਤੇ ਘੋੜਸਵਾਰ ਸਾਡੀ ਫ਼ੌਜ ਏ-ਦੁੱਲੇ ਨੂੰ ਅਸੀਂ ਪੀਹ ਕੇ ਰੱਖ ਦਈਏ।

ਅਲੀ : ਜੀ ਮੈਂ ਵੀ ਇਹੋ ਹੀ ਚਾਹੁੰਦਾ ਕਿ ਤੁਸੀਂ ਦੁੱਲੇ ਨੂੰ ਪੀਹ ਕੇ ਰੱਖ ਦੇਵੋ।

ਸੂਬਾ : ਜਾ, ਜਾ ਕੇ ਆਰਾਮ ਨਾਲ ਬੈਠ। ਰੰਗ ਵਿਚ ਭੰਗ ਨਾ ਪਾ, ਜੇ ਦੁੱਲ ਇਥੇ ਆਇਆ ਤੇ ਆਪਣੀ ਮੌਤ ਨਾਲ ਲੈ ਕੇ ਆਏਗਾ।

ਅਲੀ : ਜੀ ਮੈਂ ਵੀ ਇਹੋ ਹੀ ਚਾਹੁੰਦਾ ਹਾਂ।

ਸੂਬਾ : ਓਏ ਪਹਿਰੂਓ ਬਾਰ ਦਾ ਇਕਾਲਾ ਏ, ਪਹਿਰਾ ਧਿਆਨ ਨਾਲ ਦੇਣਾ।

ਸਿਪਾਹੀ : ਜੀ ਜਨਾਬ!

*(ਸੂਬਾ ਜਾਂਦਾ ਹੈ, ਅਲੀ ਫੇਰ ਉਹਦੇ ਮਗਰ ਜਾਣ ਲਗਦਾ ਹੈ-ਸਿਪਾਹੀ ਰੋਕਦੇ ਹਨ।)*

ਅਲੀ : ਚਲ ਅਲੀ ਹੁਣ ਆਪਣੇ ਪੰਧ 'ਤੇ।

ਸਿਪਾਹੀ : ਅੱਗ ਲਾਈ ਤੇ ਡੱਬੂ ਕੰਧ 'ਤੇ।

*(ਅਲੀ ਨੂੰ ਲੱਤ ਮਾਰਦੇ ਹਨ ਤੇ ਉਹ ਸਟੇਜ ਦੇ ਬਾਹਰ ਚਲਾ ਜਾਂਦਾ ਹੈ।)*

*(ਸਿਪਾਹੀ ਪਹਿਰਾ ਦਿੰਦੇ ਹਨ।)*

ਸਿਪਾਹੀ 1 : ਜਾਗਦੇ ਰਹੋ ਬਈ ਜਾਗਦੇ ਰਹੋ।

ਸਿਪਾਹੀ 2 : ਜਾਗਦੇ ਰਹੋ ਬਈ ਜਾਗਦੇ ਰਹੋ।

1 : ਉਏ ਪਹਿਲਾਂ ਆਪ ਤੇ ਜਾਗ ਲੈ।

2 : ਜਾਗਦਾ ਤਾਂ ਪਿਆਂ।

1 : ਉਸ ਗੁੱਜਰੀ ਕੋਲੋਂ ਲੱਸੀ ਘੱਟ ਪੀਣੀ ਸੀ।

2 : ਘੱਟ ਕਿਉਂ ਪੀਂਦਾ?

1 : ਕਿਉਂ?

2 : ਉਏ ਗੁੱਜਰੀ ਚੀਜ਼ ਈ ਬੜੀ ਸੀ।

1 : ਫਿਰ?

2 : ਉਹ ਪਿਆਉਂਦੀ ਰਹੀ ਤੇ ਮੈਂ ਪੀਂਦਾ ਰਿਹਾ।

1 : ਤੂੰ ਪੀਂਦਾ ਰਿਹਾ।

2 : ਉਹ ਆਖੇ, ਸਾਡੇ ਬਾਰ ਦੇ ਲੋਕ ਮੱਟ ਪੀਂਦੇ ਨੇ।
1 : ਤੇ ਤੂੰ ਗੜਵੀ ਨਾਲ ਰੱਜ ਗਿਆ।
2 : ਤੈਨੂੰ ਕਿਵੇਂ ਪਤਾ ਏ ?
1 : ਮੈਨੂੰ ਵੀ ਉਹਨੇ ਇੰਝ ਹੀ ਕੀਤਾ ਸੀ।
2 : ਝੂਠ।
1 : ਕਿਉਂ ?
2 : ਤੇਰੇ ਵੱਲ ਤੇ ਉਸ ਨੇ ਅੱਖ ਚੁੱਕ ਕੇ ਵੀ ਨਹੀਂ ਵੇਖਿਆ।
1 : ਆਹੋ ਤੈਨੂੰ ਤੇ ਉਹ ਮੱਖਣ ਖੁਆਉਂਦੀ ਰਹੀ ਏ ਨਾ।
2 : ਆਹੋ, ਆਪਣੀ ਟੌਹਰ ਏ।
1 : ਵੱਡਾ ਟੌਹਰ ਵਾਲਾ-ਦੁੱਲੇ ਦਾ ਨਾਂ ਸੁਣ ਕੇ ਤੇਰੀ ਜਾਨ ਨਿਕਲ ਜਾਵੇ।
2 : ਤੇ ਤੇਰੀ ਨਾ ਨਿਕਲੇ ?
1 : ਹਾਂ ਇਹ ਤਾਂ ਠੀਕ ਹੈ।
2 : ਕੀ ਠੀਕ ਏ ?
1 : ਤੇਰੀ ਵੀ ਨਿਕਲੇ-ਤੇ ਮੇਰੀ ਵੀ ਨਿਕਲੇ।
2 : ਇਸੇ ਲਈ ਤੇ ਕਹਿੰਦਾ ਹਾਂ-ਜਾਗਦੇ ਰਹੋ ਬਈ ਜਾਗਦੇ ਰਹੋ।
1 : ਜਾਗਦੇ ਰਹੋ, ਬਈ ਜਾਗਦੇ ਰਹੋ।

*(ਖੇਮੇ ਹਿਲਦੇ ਹਨ-ਸਿਪਾਹੀ ਡਰ ਜਾਂਦੇ ਹਨ)*

1 : ਯਾਰ ਇਹ ਹਿੱਲ-ਜੁੱਲ ਕਾਹਦੀ ਏ ?
2 : ਵਾ ਨਾਲ ਖੇਮੇ ਪਏ ਹਿਲਦੇ ਨੇ।
1 : ਮੈਨੂੰ ਤਾਂ ਕੋਈ ਪਰਛਾਵਾਂ ਲੰਘਿਆ ਦਿਸਦਾ ਏ।
2 : ਮਟਕੀ ਵਾਲੀ ਗੁੱਜਰੀ ਦਾ ਹੋਣਾ ਏ।
1 : ਹਾਏ, ਇਸ ਵੇਲੇ ਕਿਧਰੋਂ ਆ ਜਾਵੇ।

*(ਮਰਦਾਵਾਂ ਪਰਛਾਵਾਂ ਲੰਘਦਾ ਹੈ।)*

2 : ਇਹ ਗੁੱਜਰੀ ਨਹੀਂ ਮੈਨੂੰ ਤੇ ਕੋਈ ਗੁੱਜਰ ਲੱਗਦਾ ਏ।
1 : ਦੜ ਵੱਟ ਕੇ ਬਹਿ ਜਾ।
2 : ਪਰ ਅਸੀਂ ਤਾਂ ਹਾਂ ਪਹਿਰੇਦਾਰ।
1 : ਮੱਤ ਭੁੱਲ ਇਹ ਵੀ ਹੈ ਦੁੱਲੇ ਦੀ ਬਾਰ।
2 : ਸਭਨਾਂ ਨੂੰ ਜਗਾਈਏ।
1 : ਕਿਉਂ ਫਾਹੀ ਗਲ ਪਾਈਏ।
2 : ਉਹ ਸਭ ਲੁੱਟ ਕੇ ਲੈ ਜਾਣਗੇ।
1 : ਸਾਡੇ ਪਿਓ ਦਾ ਕੀ ਖੋਹ ਜਾਣਗੇ।

2 : ਇਕ ਘੋੜਾ ਪੰਜ ਹਜ਼ਾਰੀ ਏ।
1 : ਸਾਨੂੰ ਤਾਂ ਆਪਣੀ ਜਾਨ ਪਿਆਰੀ ਏ।
2 : ਦੜ ਵੱਟ।
1 : ਜ਼ਮਾਨਾ ਕੱਟ।
2 : ਭਲੇ ਦਿਨ ਆਵਣਗੇ।
1 : ਦੁੱਲੇ ਹੋਰੀਂ ਜਾਵਣਗੇ।

*(ਦੁੱਲਾ ਆਉਂਦਾ ਹੈ।)*

ਦੁੱਲਾ : ਕੌਣ ਏਂ ਇਥੇ ?
1 : ਆਪੇ ਈ ਹਾਂ ਮਾਪਿਓ।
2 : ਪਹਿਰੂ ਹਾਂ ਮਾਪਿਓ।
ਦੁੱਲਾ : ਫੇਰ ਪਹਿਰਾ ਕਿਉਂ ਨਹੀਂ ਦਿੰਦੇ ?
1 : ਪਹਿਰਾ ਦੇਂਦੇ ਸਾਂ।
2 : ਸੁੱਤਿਆਂ ਨੂੰ ਜਗਾਉਂਦੇ ਸਾਂ।
1 : ਪਰ ਸੁੱਤੇ ਤਾਂ ਸੁੱਤੇ ਪਏ ਨੇ।
2 : ਨਸ਼ੇ ਵਿਚ ਡੁੱਬੇ ਪਏ ਨੇ।
1 : ਹਥਿਆਰ ਉਨ੍ਹਾਂ ਦੇ ਪਰੇ ਪਏ ਨੇ।
2 : ਜੀਂਦਿਆਂ ਜੀ ਮਰੇ ਪਏ ਨੇ।
1 : ਤੁਸੀਂ ਸਾਨੂੰ ਕਰੋ ਮੁਆਫ਼।
2 : ਮਾਲ ਜਿੰਨਾ ਮਰਜ਼ੀ ਕਰੋ ਸਾਫ਼।
ਦੁੱਲਾ : ਉਏ ਕੀ ਨਾਂ ਏ ਤੁਹਾਡਾ ?
2 : ਮੇਰਾ ਨਾਂ ਮੱਟੂ-ਇਹਦਾ ਨਾਂ ਚੱਟੂ।
1 : ਅਸੀਂ ਦੋਵੇਂ ਭਾੜੇ ਦੇ ਟੱਟੂ।
ਦੁੱਲਾ : ਸੂਬਾ ਕਿਹੜੇ ਖੇਮੇ ਵਿਚ ਏ ?
1 : ਉੱਚੇ ਵਾਲੇ ਖੇਮੇ ਵਿਚ।
ਦੁੱਲਾ : ਹੋਰ ਕੌਣ ਏ ਉਥੇ ?
2 : ਖੱਬੇ ਪਾਸੇ ਤ੍ਰੀਮਤ ਏ।
1 : ਸੱਜੇ ਪਾਸੇ ਤ੍ਰੀਮਤ ਏ।
2 : ਜੇ ਪੁੱਛੋ ਕਿਥੇ ਹੈ ਸੂਬੇਦਾਰ ?
1 : ਫਸਿਆ ਦੋਨਾਂ ਦੇ ਵਿਚਕਾਰ।
ਦੁੱਲਾ : ਉਏ ਪਹਿਰੂਓ, ਇਹ ਸੂਬਾ ਕਿਹੜਾ ਏ ?
1 : ਜੀ ਪੰਜ ਹਜ਼ਾਰੀ ਏ।
2 : ਇਹੋ ਹੀ ਇਸ ਨੂੰ ਖੁਮਾਰੀ ਏ।

ਦੁੱਲਾ : ਕਿਥੋਂ ਆਇਆ ਏ ਓ ?
1 : ਕਸ਼ਮੀਰੋਂ ਆਇਆ ਏ।
2 : ਸ਼ਾਹ ਲਈ ਡਾਲੀ ਨਾਲ ਲਿਆਇਆ ਏ।
ਦੁੱਲਾ : ਉਹ ਕਿੱਦਾਂ ਦੀ ਡਾਲੀ ?
1 : ਬਦਾਮਾਂ ਦੀਆਂ ਬੋਰੀਆਂ।
2 : ਰੇਸ਼ਮ ਦੀਆਂ ਡੋਰੀਆਂ।
1 : ਪਾਲਮ ਦੇ ਚੌਲ।
2 : ਸੋਨੇ ਦੇ ਕੌਲ।
1 : ਅਸੀਲ ਘੋੜੇ।
2 : ਕੀਮਤੀ ਜੋੜੇ।
1 : ਉੱਨ ਦੇ ਦੁਸ਼ਾਲੇ।
2 : ਸੋਨੇ ਮੁੱਠੀ ਭਾਲੇ।
ਦੁੱਲਾ : ਫਿਰ ਦਿਓ ਤੁਸੀਂ ਪਹਿਰਾ।

*(ਰੌਲਾ ਪੈਂਦਾ ਹੈ-ਥੋੜੀ ਲੜਾਈ ਹੁੰਦੀ ਹੈ-ਪਹਿਰੇਦਾਰ ਇਕ ਦਮ ਆਪਣੀਆਂ ਤਲਵਾਰਾਂ ਸੁੱਟ ਦੇਂਦੇ ਹਨ-ਦੁੱਲਾ ਸੂਬੇ ਪੰਜ ਹਜ਼ਾਰੀ ਨੂੰ ਅੱਧ ਨੰਗੀ ਹਾਲਤ ਵਿਚ ਮੰਚ 'ਤੇ ਲਿਆਉਂਦਾ ਹੈ।)*

ਦੁੱਲਾ : ਜਾਹ, ਜਾ ਕੇ ਕਹਿ ਦੇਈਂ ਆਪਣੇ ਬਾਦਸ਼ਾਹ ਨੂੰ ਕਿ ਦੁੱਲਾ ਬਾਰ ਵਿਚ ਹਾਲੀ ਜੀਊਂਦਾ ਏ, ਹਿੰਮਤ ਹੈ ਤਾਂ ਦੋ ਹੱਥ ਕਰ ਲਵੇ।

*(ਦੁੱਲਾ ਉਹਨੂੰ ਬਾਹਰ ਵੱਲ ਧੱਕਾ ਦੇ ਦੇਂਦਾ ਹੈ-ਦੁੱਲੇ ਦੇ ਸਾਥੀਂ ਡਾਲੀਆਂ ਲੁੱਟਦੇ ਹਨ-ਕੋਰਸ ਮੰਚ 'ਤੇ ਦਾਖ਼ਲ ਹੁੰਦਾ ਹੈ।)*

ਕੋਰਸ :
ਫਿਰ ਦੁੱਲੇ ਹੱਲਾ ਬੋਲਿਆ,
ਅੱਖਾਂ ਮੱਲਦੇ ਉਠੇ ਖਾਨ।
ਉਹ ਭੱਜਣ ਸੁੱਤ ਉਨੀਂਦਰੇ,
ਕਿਵੇਂ ਬਚੇ ਉਨ੍ਹਾਂ ਦੀ ਜਾਨ।
ਉਹ ਗਊ ਵਛੇਰੇ ਬਣ ਗਏ,
ਜੋ ਸਨ ਸਰਕਾਰੀ ਸਾਨ੍ਹ।
ਉਹ ਸੁੱਤੇ ਜੋ ਸੰਗ ਜਨਾਨੀਆਂ,
ਹੁਣ ਨੰਗੇ ਹੀ ਭੱਜਦੇ ਜਾਣ।
ਫੜ ਫੜ ਦੁੱਲੇ ਪੁੱਛਿਆ,
ਕੀ ਭਾਅ ਵਿਕਦੀ ਏ ਖਾਨ।
ਉਹ ਕੰਨਾ ਨੂੰ ਹੱਥ ਲਾਂਵਦੇ,
ਤੁਸੀ ਬਖਸ਼ੋ ਸਾਡੀ ਜਾਨ।

ਦੁੱਲੇ ਖਜ਼ਾਨਾ ਲੁੱਟਿਆ,
ਉਸ ਖਜ਼ਾਨਾ ਲੁੱਟਿਆ,
ਉਸ ਕੀਤਾ ਸਭ ਵੀਰਾਨ।
ਜਾਹ ਜਾ ਕੇ ਕਹਿ ਦਿਓ ਸ਼ਾਹ ਨੂੰ,
ਇਹ ਯੋਧਿਆਂ ਦੀ ਲਲਕਾਰ।
ਉਹ ਟੈਂ ਨਾ ਮੰਨਣ ਲਾਹੌਰ ਦੀ,
ਇਹ ਦੁੱਲੇ ਦੀ ਹੈ ਬਾਰ।

**ਚਾਰ**

(ਪਿੰਡ ਦਾ ਸੀਨ ਹੈ। ਲੋਕੀ ਆਪਣੇ ਆਪਣੇ ਕੰਮਾਂ ਵਿਚ ਲੱਗੇ ਹੋਏ ਹਨ। ਇਕ ਪਾਸੇ ਦੁੱਲੇ ਦਾ ਘਰ, ਇਕ ਪਾਸੇ ਮੀਆਂ ਛੋਟੇ ਬੱਚਿਆਂ ਨੂੰ ਪੜਾਉਂਦੇ ਸੌਂ ਜਾਂਦਾ ਹੈ ਤੇ ਬਾਦ ਵਿਚ ਬੱਚੇ ਆਪਸ ਵਿਚ ਲੜਦੇ ਝਗੜਦੇ ਹਨ। ਇਸ ਲੜਾਈ ਦੇ ਦੌਰਾਨ ਮੀਆਂ ਜੀ ਉੱਠ ਪੈਂਦੇ ਹਨ ਤੇ ਸਾਰਿਆਂ ਨੂੰ ਕੰਨ ਫੜਾ ਦਿੰਦੇ ਹਨ। ਇਸੇ ਦੌਰਾਨ ਗੀਤ ਸ਼ੁਰੂ ਹੁੰਦਾ ਹੇ। ਮੀਆਂ ਜੀ ਗੀਤ ਵਿਚ ਮਸਤ ਹੋ ਜਾਂਦੇ ਹਨ ਤੇ ਮੁੰਡੇ ਵੀ ਕੰਨ ਛੱਡ ਦਿੰਦੇ ਹਨ।)

ਅੱਕ ਦਾ ਦੁੱਧ ਪਿਆ ਸੱਜਣ ਸਾਨੂੰ ਅੱਕ ਦਾ ਦੁੱਧ ਪਿਆ
ਅੱਕ ਦਾ ਦੁੱਧ ਸਾਨੂੰ ਘੁੱਟ ਪਰੀਤੀ, ਦਏ ਮੁਲਾਹਜੇ ਲਾਹ...
ਸੱਜਣ ਸਾਨੂੰ...
ਕੱਚੀਆਂ ਦੰਦੀਆਂ ਵਾਲੀਆਂ ਧਾਰਾਂ, ਲਈਆਂ ਮਾਵਾਂ ਥੀ ਬਖ਼ਸ਼ਾ
ਸੱਜਣ ਸਾਨੂੰ...
ਥਿੰਦੇ ਮਿੱਠੇ ਕਿਰਕ ਲਹੂ ਵਿਚ, ਮਾਂਝ ਕੁੜੱਤਣ ਲਾਹ,
ਸੱਜਣ ਸਾਨੂੰ...
ਸੀਮਾ ਸੀਮਾ ਵਹਿਣ ਚਵਾਲੇ, ਮਨ ਭੜਕੀ ਦਾ ਇਕੋ ਦਾਰੂ,
ਸੱਜਣ ਸਾਨੂੰ...

*(ਮਾਂ ਲੱਧੀ ਤੇ ਉਸਦੀ ਨੂੰਹ ਦਰਮਿਆਨ ਗੱਲਬਾਤ ਸ਼ੁਰੂ ਹੁੰਦੀ ਹੈ।)*

ਲੱਧੀ : ਨੂੰਹ ਰਾਣੀਏ, ਕੀ ਰਾਗ ਲਏ ਨੀ ਛੋਹ।
ਜਨਾਣੀ ਦਾ ਦੁੱਧ ਸਦਾ ਹੀ ਮਿੱਠਾ, ਅੱਕ ਦੇ ਦੁੱਧ ਦਾ ਭੈੜਾ ਮੋਹ।
ਨੂਰਮਦੇ : ਸੁਣ ਨੀ ਮਾਂ ਸੱਸੜੀਏ, ਮੈਂ ਡਿੱਠਾ ਭੈੜਾ ਖਾਬ।
ਪਹਿਲਾਂ ਟੁੱਟਾ ਪਾਵਾ ਪਲੰਘ ਦਾ, ਜਿਥੇ ਮਾਣਿਆ ਮੈਂ ਸੁਹਾਗ।
ਮੇਰਾ ਚੂੜਾ ਟੁੱਟਿਆ ਬਾਂਹ ਤੋਂ, ਉਜੜੀ ਮੇਰੀ ਮਾਂਗ।
ਲੱਧੀ : ਨੂੰਹ ਰਾਣੀਏ, ਇਹ ਤਾਂ ਭੈੜਾ ਡਾਢਾ ਖਵਾਬ।

ਨੂਰਮਦੇ : ਵਰਜ ਨੀ ਮਾਂ ਸੱਸੜੀਏ, ਤੇਰਾ ਪੁੱਤਰ ਵੱਡਾ ਰਾਠ।
ਉਹ ਮੁਗਲਾ ਦੇ ਧਾੜੇ ਮਾਰਦਾ, ਨਾ ਮੰਨੇ ਉਨ੍ਹਾਂ ਦੀ ਆਬ।
ਉਹਨੂੰ ਸੂਲੀ ਉਹਨਾਂ ਟੰਗਿਆਂ, ਕਹਿੰਦਾ ਏ ਮੇਰਾ ਖਵਾਬ।

ਲੱਧੀ : ਸੁਣ ਨੀ ਨੂੰਹ ਰਾਣੀਏ, ਇਹ ਹੋਣੀ ਦੇ ਨੇ ਗੇੜ।
ਗਿੱਦੜੀ ਜੰਮੇ ਪੰਜ ਸਤ, ਮੈਂ ਜੰਮਿਆ ਇਕੋ ਸ਼ੇਰ।
ਉਹ ਬਦਲਾ ਲਏਗਾ ਬਾਪ ਦਾ, ਮੈਂ ਉਡੀਕਾਂ ਉਹੀ ਸਵੇਰ।
ਖਵਾਬ ਨਾ ਬਨਣ ਹਕੀਕਤਾਂ, ਇਹ ਵਹਿਮਾਂ ਦੇ ਨੇ ਗੇੜ।

ਨੂਰਮਦੇ : ਸੁਣ ਨੀ ਮਾਂ ਸੱਸੜੀਏ, ਤੇਰੇ ਪੁੱਤ ਦਾ ਨਾ ਇਤਬਾਰ।
ਸੰਗ ਲੈ ਕੇ ਕੁਝ ਧਾੜਵੀ, ਉਹ ਕਰਦਾ ਮਾਰੋ ਮਾਰ।
ਰਾਤੀਂ ਨਚਾਵੇ ਕੰਜਰੀ, ਦਿਨੇ ਖੇਡੇ ਸ਼ਿਕਾਰ।
ਭੀੜ ਪਈ ਜੋ ਨਸਦੇ, ਨਹੀਂ ਦੁੱਲਾ ਉਨ੍ਹਾਂ ਦੇ ਨਾਲ।

*(ਇੰਨੇ ਵਿਚ ਮੁੰਡੇ ਫਿਰ ਲੜਦੇ ਹਨ ਤੇ ਘਸੁੰਨ-ਮੁੱਕੀ ਹੋ ਜਾਂਦੇ ਹਨ। ਨੂਰਾ ਸੌਂ ਜਾਂਦਾ ਹੈ, ਨਾਲ ਦੇ ਉਹਨੂੰ ਉਠਾਂਦੇ ਹਨ। ਮੀਆਂ ਜੀ ਫੇਰ ਸਾਰਿਆਂ ਨੂੰ ਕੰਨ ਫੜਾ ਦੇਂਦੇ ਹਨ। ਇਤਨੇ ਵਿਚ ਮਰਾਸੀ ਆਂਦਾ ਹੈ।)*

ਮਰਾਸੀ : ਓਹ ਮੀਆਂ ਜੀ ਇਹਨਾਂ ਛੋਹਰਾਂ ਨੂੰ ਕੀ ਕੀਤਾ ਜੇ ?

ਮੀਆਂ ਜੀ : ਉਏ ਮਰਾਸੀਆ-ਇਨ੍ਹਾਂ ਨੂੰ ਬੰਦੇ ਬਣਾ ਰਿਹਾ ਹਾਂ।

ਮਰਾਸੀ : ਜੇ ਇਨ੍ਹਾਂ ਨੂੰ ਬੰਦੇ ਬਣਾਉਣਾ, ਤੇ ਇਨ੍ਹਾਂ ਨੂੰ ਸਿਧਿਆਂ ਖੜੇ ਕਰੋ, ਇੰਝ ਤਾਂ ਇਹ ਟੱਟੂ ਬਣ ਜਾਂਣੇ ਨੇ।

ਨੂਰਾ : (ਹੌਲ਼ੀ ਜਿਹੀ) ਚਾਚਾ ਮੀਆਂ ਜੀ ਨੂੰ ਕਹਿ, ਛੱਡ ਦੇਣ।

ਮਰਾਸੀ : ਉਹ ਕਹਿਨਾ, ਕਹਿਨਾ-ਚਲੋ ਮੀਆਂ ਜੀ, ਜਾਣ ਦਿਓ ਇਨ੍ਹਾਂ ਛੋਹਰਾਂ ਨੂੰ।

ਮੀਆਂ : ਓਏ ਜਾਓ ਜਾ ਕੇ ਫੱਟੀਆਂ ਪੋਚੋ।

ਸਾਰੇ ਮੁੰਡੇ : (ਸ਼ਰਾਰਤ ਨਾਲ) ਔਧੀ ਛੁੱਟੀ ਸਾਰੀ, ਮੀਆਂ ਮੱਖੀ ਮਾਰੀ।

ਮੀਆਂ : ਓਏ ਹਰਾਮੀਓ ਸਾਰੀ ਛੁੱਟੀ ਕੋਈ ਨਹੀਂ ਜੇ। ਫੱਟੀਆਂ ਪੋਚ ਕੇ ਇਥੇ ਆ ਜਾਓ। ਮੀਆਂ ਮੱਖੀ ਮਾਰੀ, ਇਨ੍ਹਾਂ ਦੇ ਪਿਓ ਨੇ ਸ਼ੇਰ ਮਾਰਿਆ ਹੋਣਾ ਏ।

ਮਰਾਸੀ : (ਹੱਸਦੇ ਹੋਏ) ਮੀਆਂ ਜੀ ਇਕ ਗੱਲ ਆਖਾਂ, ਬਾਰ ਦੇ ਲੋਕਾਂ ਨੂੰ ਲੋੜ ਏ ਮਰਦਾਂ ਦੀ।

ਮੀਆਂ : (ਸੋਟੀ ਚਲਾਉਂਦੇ ਹੋਏ) ਇਸੇ ਲਈ ਤੇ ਇਨ੍ਹਾਂ ਨੂੰ ਇਲਮ ਦੇ ਕੇ ਮਰਦ ਬਣਾ ਰਿਹਾ ਹਾਂ।

ਮਰਾਸੀ : ਜੇ ਏਨ੍ਹਾਂ ਇੰਝ ਈ ਕੰਨ ਫੜੀ ਰੱਖੇ ਤਾਂ ਉਂਈ ਖੱਸੀ ਹੋ ਜਾਣੇ ਨੇ, ਅਸੀਂ

ਤੁਹਾਨੂੰ ਤਜਰਬੇ ਦੀ ਗੱਲ ਦੱਸ ਦਿੱਤੀ ਜੇ।

ਮੀਆਂ : ਕਿਹੜੇ ਤਜਰਬੇ ਦੀ।

ਮਰਾਸੀ : ਹੁਣ ਤੁਹਾਡੇ ਸਾਮ੍ਹਣੇ ਕੰਨ ਫੜੀ ਬੈਠੇ ਨੇ, ਤੇ ਫੇਰ ਰੰਨਾਂ ਅਗੇ ਫੜੀ ਬੈਠਣਗੇ, ਇਕ ਗੱਲ ਆਖਾਂ ਮੀਆਂ ਜੀ ਗੁੱਸਾ ਤੇ ਨਈ ਕਰੋਗੇ ?

ਮੀਆਂ : ਜੇ ਅਸੀਂ ਕਰ ਵੀ ਲਿਆ ਤਾਂ ਤੂੰ ਕਿਹੜਾ ਗੱਲ ਆਖਣੋਂ ਹਟ ਜਾਣੈ।

ਮਰਾਸੀ : ਤੁਹਾਡਾ ਇਲਮ ਜੇ ਥੋਥਾ-ਤੇ ਇਹ ਕੁਤਬਾਂ ਵੀ ਨਿਰਾ ਝੂਠ ਦਾ ਪਲੰਦਾ-ਬੰਦੇ ਨੂੰ ਹਵਾ ਵਿਚ ਉਡਾਸਨ, ਪਰ ਮਿੱਟੀ ਦੀ ਗੱਲ ਕਦੇ ਨਾ ਕਰਸਨ।

ਮੀਆਂ : ਉਏ ਕੀ ਮਤਲਬ ਤੇਰਾ ?

ਮਰਾਸੀ : ਤੁਹਾਡੇ ਮਦਰਸਿਆਂ ਵਿਚ ਪੜ੍ਹਾਇਆ ਜਾਸੀ ਕਿ ਵੱਡਿਆਂ ਦਾ ਅਦਬ ਕਰੋ।

ਮੀਆਂ : ਨਾ ਤੇ ਇਹ ਮਾੜੀ ਗੱਲ ਏ ?

ਮਰਾਸੀ : ਪਰ ਜੇਕਰ ਵੱਡੇ ਕੰਮ ਈ ਐਸੇ ਕਰਨ ਜਿਹੜੇ ਅਦਬ ਵਾਲੇ ਨਾ ਹੋਣ ਤਾਂ ਉਸ ਹਾਲਤ ਵਿਚ ਬਾਲ ਵਿਚਾਰੇ ਕੀ ਕਰਨ।

ਮੀਆਂ : ਇਹ ਫਰਜ਼ ਬਾਲਾਂ ਦਾ ਨਹੀਂ ਕਿ ਉਹ ਵੱਡਿਆਂ ਦੇ ਕੰਮਾਂ ਉਤੇ ਨੁਕਤਾਚੀਨੀ ਕਰਨ।

ਮਰਾਸੀ : ਜੇ ਵੱਡੇ ਬਾਲਾ ਨੂੰ ਕਹਿਣ-ਹਮੇਸ਼ਾਂ ਸੱਚ ਬੋਲੋ ਤੇ ਆਪ ਹਮੇਸ਼ਾਂ ਝੂਠ ਬੋਲਣ, ਤੇ ਬਾਲ ਵਿਚਾਰੇ ਤਾਂ ਮੋਏ।

ਮੀਆਂ : ਉਏ ਮੋਏ ਕਿਉਂ ?

ਮਰਾਸੀ : ਜੇ ਬਾਲ ਦੇਖਣ ਕਿ ਉਨ੍ਹਾਂ ਦੇ ਵਡੇਰੇ ਬਿਲਕੁਲ ਡਰੂ ਨੇ-ਜਿਹੜਾ ਮਰਜ਼ੀ ਉਨ੍ਹਾਂ 'ਤੇ ਕਾਠੀ ਪਾ ਲਏ-ਜੇ ਵੱਡਿਆਂ ਵਿਚ ਜੁਅਰਤ ਹੀ ਨਾ ਹੋਵੇ ਕਿ ਇਨਸਾਫ਼ ਵਾਸਤੇ ਖਲੋ ਸਕਣ-ਹੱਕ ਲਈ ਲੜ ਸਕਣ ਤਾਂ ਕੀ ਬਾਲਾਂ ਨੂੰ ਵੱਡਿਆਂ ਦਾ ਅਦਬ ਕਰਨਾ ਚਾਹੀਦੈ ? ਕੀ ਤੁਹਾਡੀਆਂ ਕੁਤਬਾਂ ਵਿਚ ਇਨ੍ਹਾਂ ਸਵਾਲਾਂ ਦਾ ਜਵਾਬ ਹੈ ? ਕੋਈ ਨਹੀਂ ਇਸੇ ਲਈ ਕਹਿਨਾ ਹਾਂ ਤੁਹਾਡਾ ਇਲਮ ਹੀ ਥੋਥਾ ਏ।

ਮੀਆਂ : ਉਏ ਮਰਾਸੀਆ ਇਨ੍ਹਾਂ ਕੁਤਬਾਂ ਵਿਚ ਸਿਆਣੇ ਆਦਮੀ ਦੀ ਅਕਲ ਦਾ ਨਿਚੋੜ ਏ।

ਮਰਾਸੀ : ਛੱਡੋ ਮੀਆਂ ਜੀ-ਇਹ ਤੁਹਾਡੀਆਂ ਸਾਰੀਆਂ ਕੁਤਬਾਂ ਲਾਹੌਰੋਂ ਲਿਖੀਆਂ ਆਈਆਂ ਨੇ-ਸ਼ਾਹ ਤੇ ਅਮੀਰਾਂ ਦੇ ਜ਼ਰ-ਖਰੀਦ ਆਲਮਾਂ ਦੀਆਂ ਲਿਖੀਆਂ ਹੋਈਆਂ ਨੇ-ਤੇ ਉਨ੍ਹਾਂ ਵਿਚ ਉਹੋ ਸਿਆਣਪ ਜਾਂ ਸੱਚ ਏ ਜਿਹੜਾ ਅਮੀਰ ਖਾਨਾਂ ਦਾ ਸੱਚ ਏ-ਇਨ੍ਹਾਂ ਕੁਤਬਾਂ ਵਿਚ ਇਹ ਕਿਧਰੇ ਨਹੀਂ ਲਿਖੀਆਂ ਕਿ ਜੋ ਕੁਝ ਨਹੀਂ ਕਰਦੇ ਹਯਾਤੀ

ਦੀਆਂ ਸਾਰੀਆਂ ਨਿਆਮਤਾਂ ਹੜੱਪੀ ਬੈਠੇ ਨੇ ਤੇ ਜਿਹੜੇ ਮਿੱਟੀ ਨਾਲ ਮਿੱਟੀ ਹੁੰਦੇ ਨੇ, ਉਹ ਦੋ ਵੇਲੇ ਦੀ ਰੋਟੀ ਤੋਂ ਅਵਾਜ਼ਾਰ ਨੇ। ਇਹ ਕਿਉਂ ਏਂ ?

ਮੀਆਂ : ਉਏ ਮਰਾਸੀਆ, ਇਹ ਗੱਲਾਂ ਜੇ ਅਸੀਂ ਆਪਣੇ ਤਾਲਬਇਲਮਾਂ ਨੂੰ ਪੜ੍ਹਾਈਏ ਤਾਂ ਸਾਰੇ ਗ਼ਦਰ ਮਚ ਜਾਏ-ਸਾਰੇ ਭਾਈਚਾਰੇ ਦਾ ਬੰਦੋਬਸਤ ਟੁੱਟ ਜਾਏ।

ਮਰਾਸੀ : ਆਖਰ, ਸੱਚੀ ਗੱਲ ਮੂੰਹੋ ਨਿਕਲ ਈ ਆਈ ਨਾ ਮੀਆਂ ਜੀ- ਇਹ ਸਾਰਾ ਇਲਮ ਹੈ ਈ ਇਸੇ ਲਈ ਕਿ ਵੱਡੇ ਬੰਦੇ ਵੱਡੇ ਰਹਿਣ ਤੇ ਛੋਟੇ ਸਾਰੀ ਉਮਰ ਉਨ੍ਹਾਂ ਦੀ ਮੁੱਠੀ ਚਾਪੀ ਕਰਦੇ ਰਹਿਣ। ਮੀਆਂ ਜੀ, ਇਹ ਮੁੰਡੇ ਬਾਰ ਦੇ ਨੇ-ਇਨ੍ਹਾਂ ਦੇ ਵੱਡੇ ਵਡੇਰੇ ਜਾਬਰਾਂ ਨਾਲ ਲੜੇ-ਇਨ੍ਹਾਂ ਨੂੰ ਲਾਹੌਰ ਵਾਲਾ ਇਲਮ ਨਹੀਂ। ਸਗੋਂ ਇਹਨਾਂ ਨੂੰ ਉਹ ਇਲਮ ਪੜ੍ਹਾਓ ਜਿਹੜਾ ਬਾਰ ਦੇ ਕਲਰਾਂ ਵਿਚੋਂ ਜਨਮ ਲੈਂਦਾ ਏ। ਨੂਰੇ ਨੂੰ ਲੱਭਦਾ ਹੋਇਆ। ਓਏ ਨੂਰਿਆ... ਨੂਰਿਆ ਓਏ-

ਨੂਰਾ : ਕੀ ਗੱਲ ਏ ਚਾਚਾ ?

ਮਰਾਸੀ : ਓਏ ਨੂਰਿਆ ਅੱਬਾ ਕਿੱਥੇ ਗਿਆ ਈ ?

ਨੂਰਾ : ਮਾਮੇ ਕੋਲ ਮੇਲਾ ਵੇਖਣ ਗਿਐ।

ਮਰਾਸੀ : ਜੇ ਪਿਛੋਂ ਮੁਗ਼ਲ ਆ ਗਏ ਤਾਂ ਫੇਰ ?

ਨੂਰਾ : ਚਾਚਾ ਅਸੀਂ ਇਥੇ ਮਰ ਤੇ ਨਹੀਂ ਗਏ ਅੱਬਾ ਦੀ ਕਟਾਰ ਘਰ ਪਈ, ਬਾਬੇ ਦੀ ਕਟਾਰ ਘਰ ਪਈ ਏ।

ਮਰਾਸੀ : ਸ਼ਾਬਾਸ਼-ਮੀਆਂ ਜੀ ਇਹਦੇ ਵਿਚ ਹਾਲੇ ਜਾਨ ਹੈਗੀ ਜੇ, ਇਹਦੇ ਉਤੇ ਤੁਹਾਡੀਆਂ ਕੁਤਬਾਂ ਦਾ ਕੋਈ ਅਸਰ ਨਹੀਂ ਜੇ ਹੋਇਆ।

ਮੀਆਂ : ਓਏ ਮਰਾਸੀਆ ਤੂੰ ਇਹਨਾਂ ਕੁਤਬਾਂ ਤੋਂ ਬੜਾ ਤੰਗ ਏਂ।

ਮਰਾਸੀ : ਮੀਆਂ ਜੀ ਅਸਾਂ ਤਾਂ ਡਿੱਠਾ ਏ-ਇਹ ਪਾੜ੍ਹੇ ਈ ਭਾਈਚਾਰੇ ਦਾ ਸਭ ਨਾਲੋਂ ਨਿਕੰਮਾ ਤਬਕਾ ਏ ਧੋਤੇ ਕੱਪੜੇ ਪਾ ਲਏ-ਨਾ ਕੰਮ ਏ ਨਾ ਕਾਜ ਏ-ਲਾਹੌਰ ਦੀਆਂ ਇੰਤਜ਼ਾਮੀਆਂ ਵਿਚ ਵੀ ਜਿਤਨਾ ਗੰਦ ਪਿਆ ਏ ਮੀਆਂ ਜੀ, ਇਹ ਤੁਹਾਡੀਆਂ ਕੁਤਬਾਂ ਪੜ੍ਹਨ ਵਾਲਿਆਂ ਨੇ ਹੀ ਪਾਇਆ ਹੋਇਆ। ਰੰਨਾਂ ਦੇ ਮੁੱਢ ਬੈਠਣ ਵਾਲੇ-ਰੰਨਾਂ ਇਨ੍ਹਾਂ ਦੀਆਂ ਆਖਣ, ਅਖੇ ਸਾਡੇ ਨੇੜੇ ਤਾਂ ਆਇਓ ਜੇ ਪਹਿਲੇ ਸੋਨੇ ਦੀ ਤੀਲੀ ਲਿਆਓ ਤੇ ਇਹ ਸ਼ੋਹਦੇ ਵਤ ਸਾਰੀ ਰਾਤ ਸੋਚਦੇ ਰਹਿਣਗੇ ਕਲ ਪਟਵਾਰਖਾਨੇ ਜਾ ਕੇ ਕਿਹਦੀ ਛਿੱਲ ਲਾਈਏ-ਇਹ ਬੰਦੋਬਸਤੀ ਕਾਨੂੰਨ ਵੀ ਸਭ ਇਹਨਾਂ ਦੀ ਦੇਣ ਏ-ਪਏ ਬਹਿਸਾਂ ਕਰੀ ਜਾਓ-ਵਿਚੋਂ ਨਿਕਲੇ ਭਾਵੇਂ ਕੁਝ ਵੀ ਨਾ।

*(ਠੱਕ ਠੱਕ ਦੀਆਂ ਆਵਾਜ਼ਾਂ ਤੇ ਕਾਫੀ ਰੌਲਾ ਪੈਂਦਾ ਹੈ। ਕੁੜੀਆਂ ਕੋਠੇ ਚੜ੍ਹ ਕੇ ਵੇਖਦੀਆਂ ਨੇ।)*

ਇਕ : ਹੈਂ ਨੀ ਇਥੇ ਤਾਂ ਢੇਰ ਸਾਰੇ ਤੰਬੂ ਪਏ ਲਗਦੇ ਨੇ।

ਦੋ : ਕੋਈ ਵੱਡਾ ਵਣਜਾਰਾ ਹੋਣਾ ਏ-ਰਾਤ ਕੱਟਣ ਲਈ ਤੰਬੂ ਪਿਆ ਲਾਉਂਦਾ ਏ।

ਤਿੰਨ : ਬੰਦੇ ਵੀ ਬੜੇ ਸਾਰੇ ਨੇ।

ਚਾਰ : ਸਾਮਾਨ ਵੀ ਬਹੁਤ ਸਾਰਾ ਪਿਆ ਏ।

ਇਕ : ਨੀ, ਇਹ ਤਾਂ ਫਿਰ ਬਾਦਸ਼ਾਹ ਲਈ ਕੋਈ ਡਾਲੀ ਪਿਆ ਲਿਜਾਂਦਾ ਹੈ।

ਦੋ : ਤਾਹੀਓਂ ਤਾਂ ਸਿਪਾਹੀ ਨਾਲ ਨੇ।

ਤਿੰਨ : ਬੋਰੀਆਂ ਵਿਚ ਕਾਗ਼ਦੀ ਬਦਾਮ ਹੋਣੇ ਨੇ ?

ਚਾਰ : ਜਦੋਂ ਦੀ ਦੁੱਲੇ ਵੀਰ ਨੇ ਕਸ਼ਮੀਰ ਵਾਲੀ ਡਾਲੀ ਲੁੱਟੀ ਏ, ਇਹਨੂੰ ਤੇ ਕਾਗ਼ਦੀ ਬਦਾਮਾਂ ਦਾ ਸਵਾਦ ਪੈ ਗਿਐ।

*(ਸਾਰੀਆਂ ਹੱਸਦੀਆਂ ਹਨ।)*

ਇਕ : ਨੀ ਅਸਲੀ ਸਵਾਦ ਤਾਂ ਗਿਰੀ ਦਾ ਏ, ਬਦਾਮ ਭਾਵੇਂ ਕਾਗ਼ਦੀ ਹੋਵੇ ਤੇ ਭਾਵੇਂ ਕਾਠਾ।

ਦੋ : ਬਦਾਮ ਉਹ, ਜਿਹੜਾ ਚੂੰਢੀ ਵੱਢਿਆਂ ਟੁੱਟ ਜਾਵੇ।

ਤਿੰਨ : ਉਹ ਕੀ ਬਦਾਮ ਹੋਇਆ ਜਿਹਦੀ ਗਿਰੀ ਕੱਢਣ ਲਈ ਪਹਿਲੇ ਵੱਟੇ ਈ ਲੱਭਦੇ ਰਹੋ।

ਚਾਰ : ਇਸ ਬਦਾਮਾਂ ਪੱਟੀ ਨੂੰ ਤੇ ਵੇਖੋ ਕਿਦਾਂ ਲਾਲੀਆਂ ਚੜ੍ਹੀਆਂ ਹੋਈਆਂ ਨੇ।

ਇਕ : ਇਹਦਾ ਮਰਦ ਤਾਂ ਆਪਣੇ ਹੱਥੀਂ ਇਹਨੂੰ ਭਿਉਂ-ਭਿਉਂ ਗਿਰੀਆਂ ਖਵਾਂਦਾ ਰਿਐ।

ਦੋ : ਨੀ ਦਿਨੇ ਕਿ ਰਾਤੀਂ ?

ਤਿੰਨ : ਤੁਸੀਂ ਕਿਉਂ ਸੜਦੀਆਂ ਹੋ-ਤੁਸੀਂ ਵੀ ਖਾ ਲਿਆ ਕਰੋ-ਤੁਹਾਡੇ ਮਰਦਾਂ ਦੇ ਹੱਥ ਟੁੱਟੇ ਤਾਂ ਨਹੀਂ ਹੋਏ।

ਚਾਰ : ਸਾਡੀ ਏਨੀ ਕਿਸਮਤ ਕਿਥੇ ?

ਇਕ : ਨੀ ਔਹ ਵੇਖ-ਉਨ੍ਹਾਂ ਕੀ ਚੁੱਕਿਐ ਹੋਇਐ।

ਦੋ : ਪਾਲਮ ਦੇ ਚੌਲਾਂ ਦੀਆਂ ਬੋਰੀਆਂ ਹੋਣੀਐਂ ?

ਤਿੰਨ : ਮਹਿਕਾਂ ਇਥੋਂ ਤੱਕ ਪਈਆਂ ਆਉਂਦੀਆਂ ਨੇ।

(ਲੱਧੀ ਆਉਂਦੀ ਹੈ।)

ਲੱਧੀ : ਨੀ ਕੁੜੀਓ, ਕੀ ਪਈਆਂ ਵੇਖਦੀਆਂ ਹੋ ?

ਚਾਰ : ਤਾਈ, ਲਗਦੈ ਕੋਈ ਵੱਡਾ ਵਣਜਾਰਾ ਮੈਦਾਨ ਵਿਚ ਆ ਲੱਥਾ ਏ।

ਲੱਧੀ : ਨੀ ਮੇਰੀ ਤਾਂ ਦੂਰ ਦੀ ਨਜ਼ਰ ਨਹੀਂ ਰਹੀਂ।

ਇਕ : (ਵੇਖ ਕੇ) ਮੈਂ ਦੱਸਨੀ ਆਂ ਤਾਈ-ਚਾਲੀ ਤੰਬੂ ਨੇ।

ਦੋ : ਆਦਮ ਦੀ ਕੋਈ ਗਿਣਤੀ ਨਹੀਂ।

ਤਿੰਨ : ਬਹੁਤਿਆਂ ਕੋਲ ਨੇਜ਼ੇ ਤਲਵਾਰਾਂ ਨੇ।

ਚਾਰ : ਨੌਕਰ ਚਾਕਰ ਸ਼ਰਾਬ ਦੀਆਂ ਸੁਰਾਹੀਆਂ ਲੈ ਕੇ ਇਧਰ ਉਧਰ ਘੁੰਮ ਰਹੇ ਨੇ।

ਲੱਧੀ : ਨੀ ਮਰ ਜਾਣੀਓਂ ਇਹ ਤਾਂ ਮੁਗ਼ਲ ਆ ਪਏ ਨੇ।

ਸਾਰੀਆਂ : ਮੁਗ਼ਲ।

ਲੱਧੀ : ਮੈਂ ਘੱਲਾਂ ਕਿਸੇ ਨੂੰ, ਸ਼ਤਾਬੀ ਘੋੜਾ ਦੁੜਾਏ-ਜਾ ਕੇ ਦੁੱਲੇ ਨੂੰ ਸੱਦ ਲਿਆਏ।

ਤਿੰਨ : ਨੀ ਅਸੀਂ ਤਾਂ ਸਮਝਿਆ ਸੀ ਕਿ ਕੋਈ ਵਣਜਾਰਾ ਏ।

ਚਾਰ : ਆਹੋ, ਉਦੋਂ ਪਤਾ ਲਗੇਗਾ ਜਦੋਂ ਤੇਰੀ ਗੁੱਤ ਨੂੰ ਅਗਲਿਆਂ ਚੱਕੀ ਘੇਰੇ ਘੁਮਾਇਆ।

ਤਿੰਨ : ਨੀ ਮੈਨੂੰ ਵੱਖਰਾ ਘੁੰਮਾਣਗੇ-ਤੁਹਾਡੀਆਂ ਗੁੱਤਾਂ ਨਾ ਫੜਨਗੇ।

ਇਕ : ਸਾਡਾ ਮਰਦ ਕਿਹੜਾ ਸਾਨੂੰ ਬਦਾਮ ਖੁਆਉਂਦਾ ਰਿਹੈ।

ਦੋ : ਪੋਲੇ ਮੂੰਹ ਪਾਲਮ ਦੇ ਚੌਲ ਖਾਂਦੀ ਹੁੰਦੀ ਸੀ।

ਚਾਰ : ਊਨੀ ਦੁਸ਼ਾਲੇ ਪਾ ਪਾ ਬਹਿੰਦੀ ਸੀ।

ਤਿੰਨ : ਨੀਂ ਤੁਸੀਂ ਤਾਂ ਮੇਰੇ ਮਗਰ ਈ ਪੈ ਗਈਆਂ ਹੋ।

ਇਕ : ਸਾਡੇ ਮਰਦਾਂ ਨੇ ਕਦੀ ਸਾਨੂੰ ਨਾ ਗਿਰੀਆਂ ਖਵਾਈਆਂ।

ਦੋ : ਆਪਣੇ ਹੱਥੀਂ ਕਦੀ ਨਾ ਸਾਡੇ ਮੂੰਹ ਵਿਚ ਪਾਈਆਂ।

ਤਿੰਨ : ਤੁਸੀਂ ਵੀ ਪਵਾ ਲੈਂਦੀਓਂ, ਕਿਸੇ ਨਾਂਹ ਕੀਤੀ ਸੀ।

ਚਾਰ : ਨੀ ਮੇਰਾ ਕਿਥੋਂ ਪਾਉਂਦਾ, ਹਰ ਗੱਲ ਆਪਣੀ ਮਾਂ ਕੋਲੋਂ ਪੁੱਛ ਕੇ ਕਰਦੈ,

ਇਕ : ਤੇ ਮੇਰਾ, ਉਹ ਤੇ ਆਪਣੀ ਭੈਣ ਦਾ ਪੱਟਿਆ ਹੋਇਐ।

ਦੋ : ਸਾਡੇ ਵਾਲੇ ਕੋਲੋਂ ਤੇ ਕਦੀ ਛਿੱਲੜ ਈ ਨਹੀਂ ਲੱਥੀ, ਅਸੀਂ ਗਿਰੀ ਕੀ ਖਾਣੀ ਏ।

ਤਿੰਨ : ਨੀ ਤੁਹਾਨੂੰ ਠੱਠੇ ਪਏ ਸੁਝਦੇ ਨੇ-ਉਤੋਂ ਮੁਗ਼ਲ ਆਣ ਚੜ੍ਹੇ ਨੇ।

*(ਫੇਰ ਖੱਪ ਪੈਂਦੀ ਹੈ, ਠੱਕ ਠੱਕ ਦੀ ਅਵਾਜ਼, ਨੂਰਾ ਆਉਂਦਾ ਹੈ।)*

ਨੂਰਾ : (ਘਬਰਾਇਆ ਹੋਇਐ) ਦਾਦੀਏ ਮੁਗ਼ਲਾਂ ਆ ਡੇਰਾ ਲਾਇਆ ਏ।

ਲੱਧੀ : ਆਹੋ ਪੁੱਤਰ ਜਾਹ ਘੋੜੇ ਤੇ ਵਗ ਜਾ, ਤੇ ਪਿਓ ਨੂੰ ਖ਼ਬਰ...

ਨੂਰਾ : ਨਹੀਂ ਦਾਦੀਏ–ਮੈਨੂੰ ਦਾਦੇ ਦੀ ਕਟਾਰ ਦੇ ਜਿਹੜੀ ਅੰਦਰ ਸਾਂਭ ਕੇ ਰੱਖੀ ਏ।

ਲੱਧੀ : ਨਹੀਂ ਪੁੱਤਰ ਉਹ ਹਾਲੇ ਤੇਰੇ ਵਰਤਣ ਦੀ ਚੀਜ਼ ਨਹੀਂ, ਤੂੰ ਵਗ ਜਾ ਤੇ ਪਿਓ ਨੂੰ ਲਿਆ।

ਨੂਰਾ : ਨਹੀਂ, ਜੇ ਮੈਂ ਚਲਿਆ ਗਿਆ ਤੇ ਦਾਦੇ ਦੀ ਰੂਹ ਮੈਨੂੰ ਫਿਟਕਾਰ ਪਾਏਗੀ।

ਮੀਆਂ : ਨੂਰੇ ਆਪਣੀ ਦਾਦੀ ਦੀ ਗੱਲ ਮੰਨ ਲੈ, ਇਥੋਂ ਵਗ ਜਾ, ਮੁਗ਼ਲ ਆ ਪਏ ਤਾਂ ਉਨ੍ਹਾਂ ਸਾਰਿਆਂ ਨਾਲੋਂ ਪਹਿਲਾਂ ਤੈਨੂੰ ਨੂੜ ਲੈਣਾ ਏ– ਤੇਰੇ ਵੱਡੇ ਵਡੇਰਿਆਂ ਨਾਲ ਇਨ੍ਹਾਂ ਦਾ ਵੈਰ ਏ।

ਨੂਰਾ : ਮੀਆਂ ਜੀ, ਤੁਸੀਂ ਉਸਤਾਦ ਹੋ–ਤੇ ਅੱਬਾ ਆਖਦਾ ਸੀ, ਉਸਤਾਦ ਰੱਬ ਬਰਾਬਰ ਹੁੰਦੈ। ਮੈਂ ਤੁਹਾਡੀ ਹਰ ਗੱਲ ਮੰਨੀ ਏ, ਪਰ ਇਹ ਗੱਲ ਨਹੀਂ ਮੰਨਣੀ।

ਮੀਆਂ : ਤੂੰ ਮੇਰਾ ਹੋਣਹਾਰ ਸ਼ਾਗਿਰਦ ਏਂ, ਤੇਰੇ ’ਤੇ ਮੈਨੂੰ ਬੜੀਆਂ ਉਮੀਦਾਂ ਨੇ, ਤੇਰਾ ਇਲਮ ਹਾਲੇ ਪੂਰਾ ਨਹੀਂ ਹੋਇਆ, ਤੂੰ ਇਥੋਂ ਜਾਹ ਤੇ ਪਿਓ ਨੂੰ ਖ਼ਬਰ ਕਰ।

ਨੂਰਾ : ਮੀਆਂ ਜੀ ਮੇਰਾ ਸਾਰਿਆਂ ਨਾਲੋਂ ਵੱਡਾ ਇਲਮ ਏ ਕਿ ਮੈਂ ਬਾਰ ਦੇ ਕੱਲਰਾਂ ਦਾ ਨਾਂ ਬਦੂ ਨਾ ਹੋਣ ਦੇਵਾਂ।

ਮੀਆਂ : ਭੈਣ ਲੱਧੀਏ ਤੂੰ ਈ ਇਹਨੂੰ ਸਮਝਾ।

ਲੱਧੀ : ਨਹੀਂ ਮੀਆਂ ਜੀ, ਹੁਣ ਕੋਈ ਫਾਇਦਾ ਨਹੀਂ।

*(ਲੱਧੀ ਅੰਦਰ ਕਟਾਰ ਲੈਣ ਜਾਂਦੀ ਏ।)*

ਮੀਆਂ : ਨੂਰਮਦੀਏ, ਤੂੰ ਤੇ ਮਾਂ ਏਂ, ਤੂੰ ਹੀ ਇਸ ਨੂੰ ਵਰਜ।

ਨੂਰਮਦੀ : ਮੀਆਂ ਜੀ ਬਾਰ ਵਿਚ ਜਦੋਂ ਬੱਚੇ ਜੰਮਦੇ ਨੇ ਤੇ ਦਾਦੀਆਂ ਉਨ੍ਹਾਂ ਨੂੰ ਤਲਵਾਰ ਦਾ ਪਾਣੀ ਧੋ ਕੇ ਮੂੰਹ ਲਾਉਂਦੀਆਂ ਨੇ, ਜਦੋਂ ਗੁੜ੍ਹਤੀ ਈ ਤਲਵਾਰ ਦੀ ਹੋਵੇ ਤੇ ਫੇਰ ਕੋਈ ਤਲਵਾਰ ਚੁੱਕੇ ਬਗੈਰ ਕਿਵੇਂ ਰਹਿ ਸਕਦੈ।

*(ਦਾਦੀ ਨੂਰੇ ਨੂੰ ਕਟਾਰ ਦੇਂਦੀ ਹੈ।)*

ਨੂਰਾ : (ਅਦਬ ਨਾਲ) ਅੱਵਲ ਨਾਂ ਲਵਾਂ, ਪਰਵਰਦਿਗਾਰ ਦਾ।
ਦੂਜਾ ਨਾਂ ਲਵਾਂ, ਜਨਮ ਧਰਤੀ ਬਾਰ ਦਾ।
ਤੀਜਾ ਨਾਂ ਲਵਾਂ, ਸਾਂਦਲ ਸਰਦਾਰ ਦਾ।
ਚੌਥਾ ਨਾਂ ਲਵਾਂ, ਸੂਰਮਿਆਂ ਦੀ ਕਟਾਰ ਦਾ।

*(ਇੰਨੇ ਵਿਚ ਰੌਲਾ ਪੈਂਦਾ ਹੈ, ਅਵਾਜ਼ਾਂ ਹੋਰ ਨੜੇ ਆਉਂਦੀਆਂ ਹਨ, ਨੂਰਾ ਤਲਵਾਰ ਚੁੱਕੀ ਸਾਰੀਆਂ ਤ੍ਰੀਮਤਾਂ ਅੱਗੇ ਖਲੋ*

*ਜਾਂਦਾ ਏ। ਇੰਨੇ ਵਿਚ ਮੁਗ਼ਲਾਂ ਦਾ ਸਰਦਾਰ ਸਿਪਾਹੀਆਂ ਨੂੰ ਨਾਲ ਲੈ ਕੇ ਆ ਧਮਕਦਾ ਹੈ।*

ਅਲਾਉਦੀਨ : (ਨੂਰੇ ਨੂੰ) ਸੁੱਟ ਦੇ ਤਲਵਾਰ ਜੇਕਰ ਜਾਨ ਦੀ ਸਲਾਮਤੀ ਚਾਹੁੰਦੈ।

ਨੂਰਾ : (ਜੋਸ਼ ਨਾਲ) ਸੂਰਮੇ ਤਲਵਾਰ ਸੁੱਟਣ ਲਈ ਨਹੀਂ ਚੁੱਕਦੇ।

ਅਲਾਉਦੀਨ : ਕੌਣ ਏਂ ਤੂੰ ?

ਨੂਰਾ : ਪੁੱਤਰ ਦੁੱਲੇ ਦਾ, ਰਹਿਣਾ ਵਾਲਾ ਬਾਰ ਦਾ, ਪੋਤਰਾ ਫਰੀਦ ਦਾ, ਪੜਪੋਤਰਾ ਸਾਂਦਲ ਸਰਦਾਰ ਦਾ।

ਅਲਾਉਦੀਨ : ਤੇਰਾ ਪਿਓ ਕਿਥੇ ਗਿਐ ?

ਨੂਰਾ : ਵਾਂਢੈ ਗਿਐ।

ਅਲਾਉਦੀਨ : ਹਰਾਮਖੋਰ, ਇਹ ਕਿਉਂ ਨਹੀਂ ਕਹਿੰਦਾ ਕਿ ਸਾਡੇ ਕੋਲੋਂ ਡਰ ਕੇ ਛੁਪ ਗਿਐ।

ਨੂਰਾ : ਮੂੰਹ ਸੰਭਾਲ ਕੇ ਗੱਲ ਕਰ, ਇਹ ਲਾਹੌਰੀਆਂ ਦਾ ਕਸਬ ਏ ਮੈਦਾਨ ਛੱਡ ਕੇ ਭੱਜ ਜਾਣਾ, ਬਾਰ ਦੇ ਲੋਕਾਂ ਦਾ ਨਹੀਂ।

ਅਲਾਉਦੀਨ : ਬੜਾ ਗ਼ਰੂਰ ਏ।

ਨੂਰਾ : ਸ਼ੱਕ ਏ ਤਾਂ ਅਜ਼ਮਾ ਕੇ ਵੇਖ ਲੈ।

ਅਲਾਉਦੀਨ : ਸਿਪਾਹੀਓ ਫੜ ਲਓ ਇਸ ਛੋਕਰੇ ਨੂੰ।

*(ਸਿਪਾਹੀ ਅੱਗੇ ਵੱਧਦੇ ਹਨ।)*

ਨੂਰਾ : ਖ਼ਬਰਦਾਰ

*(ਫਿਰ ਨੂਰੇ ਤੇ ਸਿਪਾਹੀਆਂ ਵਿਚਕਾਰ ਲੜਾਈ ਹੁੰਦੀ ਏ ਇਸ ਲੜਾਈ ਦੌਰਾਨ ਨੂਰੇ ਦੀ ਤਲਵਾਰ ਟੁੱਟ ਜਾਂਦੀ ਹੈ ਤੇ ਸਿਪਾਹੀ ਨੂਰੇ ਨੂੰ ਨੂੜ ਲੈਂਦੇ ਹਨ।)*

ਅਲਾਉਦੀਨ : ਕਿਉਂ ਬਰਖ਼ੁਰਦਾਰ।

ਨੂਰਾ : ਇਹ ਮੇਰੀ ਨਹੀਂ ਹੈ ਹਾਰ।
ਲੋਹਾ ਹੈ ਟੁੱਟਿਆ, ਲੋਹੇ ਦੀ ਹੈ ਹਾਰ।

ਅਲਾਉਦੀਨ : ਨੂੜ ਲਓ ਇਸ ਛੋਕਰੇ ਨੂੰ, ਬਾਂਧਾਂ ਬਣਾ ਲਓ ਸਭ ਔਰਤਾਂ ਨੂੰ ਤੇ ਬਾਦਸ਼ਾਹ ਦੇ ਕੋਲ ਘੱਲ ਦਿਓ। ਸਿਪਾਹੀਓ, ਵਿਰਾਨ ਕਰ ਦਿਓ ਸਾਰੇ ਪਿੰਡ ਨੂੰ, ਬੰਜਰ ਬਣਾ ਦਿਓ ਇਸ ਧਰਤੀ ਨੂੰ।

ਮੀਆਂ : ਅਲਾਉਦੀਨ, ਤੇਰਾ ਇਹ ਦਸਤੂਰ ਠੀਕ ਨਹੀਂ।

ਅਲਾਉਦੀਨ : ਬਾਦਸ਼ਾਹੀਆਂ ਦਾ ਇਹੋ ਦਸਤੂਰ ਏ ਕਿ ਜਿਸ ਧਰਤੀ ਤੋਂ ਬਗ਼ਾਵਤ ਉੱਠਦੀ ਹੈ ਉਸ ਧਰਤੀ ਨੂੰ ਬੰਜਰ ਬਣਾ ਦਿੱਤਾ ਜਾਂਦਾ ਹੈ।

*(ਇੰਨੇ ਨੂੰ ਇਕ ਸਿਪਾਹੀ ਮੀਆਂ ਨੂੰ ਮਾਰ ਦਿੰਦਾ ਹੈ ਤੇ ਸਾਰੇ ਪਿੰਡ*

*ਨੂੰ ਉਜਾੜ ਦਿੱਤਾ ਜਾਂਦਾ ਹੈ ਤੇ ਔਰਤਾਂ ਨੂੰ ਧਰੀਕਿਆ ਜਾਂਦਾ ਹੈ। ਇਸੇ ਦੌਰਾਨ ਉਦਾਸ ਸੁਰ ਵਿਚ ਕੋਰਸ ਸ਼ੁਰੂ ਹੁੰਦਾ ਹੈ।)*

ਕੋਰਸ : ਹਾਇ ਹੋਵੇ ਨਾ ਨਿਤਾਣਾ ਕੋਈ, ਦੁਨੀਆਂ ਤੇ ਰੱਬ ਕਰਕੇ,
ਦਿਲ ਆਈਆਂ ਕਰਨ ਹਤਿਆਰੇ ਕੌਣ ਰੋਕੇ ਜ਼ਾਲਮਾਂ ਨੂੰ।
ਸੱਤ ਪਾਪੀਆਂ ਧੱਕੇ ਨਾਲ ਤੋੜੇ, ਸੀਤਾ ਜਹੀਆਂ ਦੇਵੀਆਂ ਦੇ।
ਜ਼ੋਰੀ ਇੱਜ਼ਤਾਂ ਜ਼ਾਲਮਾਂ ਲਾਹੀਆਂ, ਕੰਜਕਾਂ ਕੁਆਰੀਆਂ ਦੀਆਂ।
ਕਈ ਮਾਰ ਕੇ ਕਟਾਰੀਆਂ ਮੋਈਆਂ, ਇੱਜ਼ਤ ਅਟੱਲ ਰੱਖ ਲਈ।
ਰੁੱਖ ਜੰਗਲਾਂ ਦੇ ਸੁਣ ਕੇ ਰੋ ਪਏ, ਪੰਛੀਆਂ ਨੇ ਪਾਏ ਕੀਰਨੇ।
ਦਲ ਆਉਣਗੇ ਦੁੱਲੇ ਦੇ ਚੜ੍ਹ ਕੇ, ਬਾਂਹ ਜਿਨ੍ਹਾਂ ਮੁਗ਼ਲਾਂ ਦੀ ਤੋੜਨੀ।
ਤਾਂਘ ਜਿਨ੍ਹਾਂ ਨੂੰ ਨਾ ਕੋਈ ਹੋਰ ਨੀ।

*(ਕੋਰਸ ਦੇ ਦਰਮਿਆਨ ਅਲਾਉਦੀਨ ਨੂਰਮਦਾ ਨੂੰ ਫੜ ਕੇ ਲੈ ਜਾਂਦਾ ਹੈ।)*

## ਪੰਜ

(ਮੇਲਾ ਲੱਗਿਆ ਹੈ, ਮੇਰੇ ਦਾ ਰੌਲਾ ਰੱਪਾ ਹੈ। ਦੁੱਲਾ ਆਪਣੇ ਸਾਥੀਆਂ ਨਾਲ ਖਰੂਦ ਮਚਾਉਂਦਾ ਮੇਲਾ ਵੇਖ ਰਿਹਾ ਹੈ, ਜਦੋਂ ਉਹਦੇ ਪਿੰਡ ਦੇ ਤਿੰਨ ਸਾਥੀ ਆਉਂਦੇ ਹਨ।)

ਪੇਂਡੂ ਇਕ : ਸਲਾਮ ਓ ਦੁੱਲਿਆ।
ਦੋ : ਬਾਰ ਦਿਆ ਜਾਇਆ।
ਤਿੰਨ : ਤੈਨੂੰ ਮੇਲੇ ਠੇਲੇ ਮੁਬਾਰਕ ਹੋਣ।
ਦੁੱਲਾ : ਗਰਾਈਂਓ, ਕਿੰਝ ਓਪਰਿਆਂ ਵਾਂਗ ਗੱਲਾ ਪਏ ਕਰਦੇ ਓ।
ਇਕ : ਓਪਰਾ ਤੇ ਤੂੰ ਹੋ ਗਿਆ ਏਂ।
ਦੋ : ਬਾਰ ਨੂੰ ਭੁੱਲ ਬੈਠਾ ਏਂ।
ਤਿੰਨ : ਪਿੰਡੀ ਦੀ ਤੈਨੂੰ ਸਾਰ ਨਹੀਂ।
ਦੁੱਲਾ : ਕਿਉਂ ਖੈਰ ਤਾਂ ਹੈ, ਪਿੰਡ ਦਾ ਕੀ ਹਾਲ ਏ ?
ਇਕ : ਅੱਗੇ ਵਾਂਗ ਈ ਠੰਢੀ ਹਵਾ ਚਲਦੀ ਏ।
ਦੋ : ਖੂਹਾਂ ਦਾ ਪਾਣੀ ਵੀ ਅੱਗੇ ਵਾਂਗ ਠੰਢਾ ਏ।
ਤਿੰਨ : ਕੱਲਰਾਂ ਵਿਚ ਧੂੜ ਵੀ ਉਡਦੀ ਏ, ਪਰ...
ਦੁੱਲਾ : ਪਰ ਕੀ ?
ਇਕ : ਪਿੰਡੀ ਦਾ ਹਾਲ ਅਸੀਂ ਦੱਸ ਨਹੀਂ ਸਕਦੇ।
ਦੋ : ਗੱਲ ਵੱਡੀ ਏ ਮੂੰਹ ਛੋਟਾ ਏ।
ਤਿੰਨ : ਦੱਸੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਏ।

ਦੁੱਲਾ : ਕੀ ਬੁਝਾਰਤਾਂ ਪਏ ਪਾਉਂਦੇ ਓ ? ਮੇਰੀ ਪਿੰਡੀ ਵੱਲ ਕਿਸੇ ਨੇ ਉਂਗਲ ਚੁੱਕੀ ਤਾਂ ਉਹ ਉਂਗਲ ਵੱਢ ਦਿਆਂਗਾ। ਜੇ ਕਿਸੇ ਕੈਰੀ ਅੱਖ ਦੇਖਿਆ ਤਾਂ ਉਹ ਅੱਖ ਕੱਢ ਦਿਆਂਗਾ। ਜੇ ਕਿਸੇ ਨੇ ਭੈੜੇ ਬੋਲ ਬੋਲੇ ਉਹ ਜ਼ੁਬਾਨ ਕੱਟ ਦਿਆਂਗਾ।

ਇਕ : ਪਿੰਡੀ ਵੱਲ ਉਂਗਲ ਵੀ ਚੁੱਕੀ ਗਈ ਏ।

ਦੋ : ਕੈਰੀ ਅੱਖ ਵੀ ਤਕਿਆ ਗਿਆ ਏ।

ਤਿੰਨ : ਤੇ ਭੈੜੇ ਬੋਲ ਵੀ ਬੋਲੇ ਗਏ ਨੇ।

ਇਕ : ਮੁਗ਼ਲਾਂ ਨੇ ਪਿੰਡੀ ਚੌਕੜੇ ਦਾ ਸੁਹਾਗ ਫੇਰ ਦਿੱਤਾ ਏ।

ਦੋ : ਅੱਗ ਲਾ ਕੇ ਸੁਆਹ ਕਰ ਦਿੱਤਾ ਏ।

ਤਿੰਨ : ਉਜਾੜ ਕੇ ਥੇਹ ਕਰ ਦਿਤੈ।

ਇਕ : ਤੇਰੀ ਲੱਧੀ ਮਾਂ ਨੂੰ ਬੰਨ੍ਹ ਲਿਐ।

ਦੋ : ਤੇਰੀ ਭੈਣ ਸਲੀਮੋ ਬੰਨ੍ਹ ਲਈ ਏ।

ਤਿੰਨ : ਤੇਰਾ ਬੱਚੜਾ ਨੂਰਾ ਬੰਨ੍ਹ ਲਿਐ।

ਇਕ : ਤੇਰੀ ਖਾਨੀ ਨੂੰਹ ਨੂੰ ਬੰਨ੍ਹ ਲਿਐ।

ਦੋ : ਤੇਰੀ ਨੂਰਮਦਾ ਰਾਣੀ ਬੰਨ੍ਹ ਲਈ ਏ।

ਤਿੰਨ : ਤੇਰੀ ਝੱਲ ਕਾਂਗੜੇ ਵਾਲੀ ਬੰਨ੍ਹ ਲਈ ਏ।

ਇਕ : ਤੇਰੀ ਫੱਤੀ ਕਰਾੜੀ ਬੰਨ੍ਹ ਲਈ ਏ।

ਦੋ : ਤੇਰੀ ਸ਼ੈਲਾਂ ਗੁਜਰੀ ਬੰਨ੍ਹ ਲਈ ਏ।

ਤਿੰਨ : ਤੇਰੀ ਨੱਥੀ ਮਰਾਸਣ ਬੰਨ੍ਹ ਲਈ ਏ।

ਇਕ : ਤੂੰ ਦਿੱਲੀ ਦੇ ਕਿੰਗਰੇ ਢਾਹੁਣੇ ਸਨ।

ਦੋ : ਤੂੰ ਮਹਿਲਾਂ ਨੂੰ ਅੱਗ ਲਾਉਣੀ ਸੀ।

ਤਿੰਨ : ਪਰ ਇਹ ਤੇ ਤਖ਼ਤ ਲਾਹੌਰ ਵਾਲੇ ਆਏ।

ਇਕ : ਕੱਲ ਬਾਰ ਦੀਆਂ ਬਾਂਧਾਂ ਲਾਹੌਰ ਵਿਚ ਟਕੇ ਟਕੇ ਵਿਕਣਗੀਆਂ।

ਦੋ : ਸ਼ਰੇ ਬਜ਼ਾਰ ਬਾਰ ਦੀ ਇੱਜ਼ਤ ਦਾ ਸੌਦਾ ਹੋਵੇਗਾ।

ਤਿੰਨ : ਬਾਰ ਦੀਆਂ ਮੁਟਿਆਰਾਂ ਨੂੰ ਲਾਹੌਰੀਏ ਅਮੀਰ ਟੋਹ ਟੋਹ ਕੇ ਵੇਖਣਗੇ।

ਇਕ : ਮਾਲ ਚੰਗਾ ਏ।

ਦੋ : ਅੱਖ ਇੱਲ ਦੇ ਆਂਡੇ ਵਰਗੀ ਏ।

ਤਿੰਨ : ਕੱਦ ਸਰੂ ਵਰਗੈ।

ਇਕ : ਗਰਦਨ ਸੁਰਾਹੀ ਵਰਗੀ ਏ।

ਦੋ : ਤੋਰ ਸੱਪਣੀ ਵਰਗੀ ਏ।

ਤਿੰਨ : ਤੇ ਬਾਰ ਦੀ ਇੱਜ਼ਤ ਪਾਣੀ ਪਾਣੀ ਹੋ ਜਾਏਗੀ।

ਇਕ : ਲੋਕੀਂ ਪੁੱਛਣਗੇ ਬਾਰ ਦਾ ਦੁੱਲਾ ਕਿਥੇ ਸੀ ?

ਦੋ : ਤੇ ਮੁਗ਼ਲ ਫੜ੍ਹਾਂ ਮਾਰਨਗੇ, ਸਾਡੇ ਕੋਲੋਂ ਡਰ ਕੇ ਨੱਸ ਗਿਐ।

ਤਿੰਨ : ਕਿਸੇ ਨੂੰ ਕੀ ਪਤਾ ਦੁੱਲਾ ਮਾਮੇ ਕੋਲ ਮੇਲੇ ਵੇਖਦਾ ਪਿਆ ਏ।

ਦੁੱਲਾ : (ਦੁੱਖੀ ਹੋ ਕੇ) ਬਸ ਕਰੋ ਗਰਾਈਓਂ ਬਸ ਕਰੋ, ਭੰਨ ਦਿਓ ਸ਼ਰਾਬ ਦੀਆਂ ਸੁਰਾਹੀਆਂ, ਫੜ ਕੇ ਦੁੱਲੇ ਦੀ ਮੁੱਛ ਦਾ ਵੱਟ ਲਾਹ ਦਿਓ। ਪੱਗ ਦਾ ਮੋਹਰਾ ਖਿੱਚ ਕੇ ਪਿੱਛੇ ਕਰ ਦਿਓ। ਇਹ ਮਾਇਆ ਲੱਗਿਆ ਤੁਰਲਾ ਨੀਵਾਂ ਕਰ ਦਿਓ। ਕਸਮ ਐ ਮੈਨੂੰ ਬਾਰ ਦੀ ਧਰਤੀ ਦੀ, ਉਨਾ ਚਿਰ ਅੰਨ ਨਹੀਂ ਖਾਵਾਂਗਾ ਜਿੰਨਾ ਚਿਰ ਬਾਂਧਾਂ ਨੂੰ ਛੁਡਾ ਨਾ ਲਵਾਂਗਾ।

*(ਜੋਸ਼ ਭਰੇ ਗੁੱਸੇ ਵਿਚ ਦੁੱਲਾ ਬਾਹਰ ਨਿਕਲ ਜਾਂਦਾ ਹੈ ਤੇ ਤਿੰਨੇ ਪੇਂਡੂ ਵੀ ਉਹਦੇ ਮਗਰ ਮਗਰ ਹੀ ਚਲੇ ਜਾਂਦੇ ਹਨ। ਤੇ ਨਾਲ ਹੀ ਕੋਰਸ ਆਰੰਭ ਹੋ ਜਾਂਦਾ ਹੈ। ਤੇ ਨਾਲ ਹੀ ਮੇਲਾ ਹੌਲੀ ਹੌਲੀ ਘਟਦਾ ਜਾਂਦਾ ਹੈ।)*

ਕੋਰਸ :

ਦੁੱਲਿਆ ਤੂੰ ਮੇਲੇ ਵਿਚ ਮੌਜਾਂ ਮਾਣਦਾ।
ਬੀਤੀਆਂ ਕੀ ਬਾਰ 'ਤੇ ਅੱਲਾ ਹੀ ਜਾਣਦਾ।
ਤੇਰੇ ਵੇ ਸ਼ਰੀਕਾਂ ਨੇ ਦਗ਼ਾ ਕਮਾ ਲਿਆ।
ਸ਼ਾਹੀ ਫ਼ੌਜਾਂ ਬਾਰ ਨੂੰ ਆ ਘੇਰਾ ਪਾ ਲਿਆ।
ਤੂੰ ਤਾਂ ਫਿਰੇਂ ਮੇਲਿਆਂ ਦੀ ਖ਼ਾਕ ਛਾਣਦਾ।
ਬੀਤੀਆਂ ਕੀ ਬਾਰ 'ਤੇ...

ਹਾਥੀ ਘੋੜੇ ਫੌਜ ਦਾ ਹਜੂਮ ਚਾੜ੍ਹਤਾ।
ਉਨ੍ਹਾਂ ਤੇਰੀ ਬਾਰ 'ਤੇ ਸੁਹਾਗਾ ਮਾਰਤਾ,
ਵੱਢਿਆ ਬਰੋਟਾ ਜਿਹੜਾ ਤੇਰੇ ਹਾਣ ਦਾ।
ਬੀਤੀਆਂ ਕੀ ਬਾਰ 'ਤੇ...

ਮਿਹਣਿਆਂ 'ਚੋਂ ਮਿਹਣਾ ਵੇ ਦੁੱਲੇ ਦੀ ਜਾਤ ਨੂੰ।
ਬਾਂਧ ਵੇ ਬਣਾ ਕੇ ਲੈ ਗਏ ਲੱਧੀ ਮਾਤ ਨੂੰ।
ਉਜੜੀਆਂ ਝੋਕਾਂ ਕੋਈ ਨਾ ਪਛਾਣਦਾ।
ਬੀਤੀਆਂ ਕੀ ਬਾਰ 'ਤੇ...

ਟੋਟੇ ਟੋਟੇ ਕੀਤੇ ਨੂਰੇ ਪੁੱਤ ਦੇ।
ਫਿਰਦੇ ਬਜ਼ਾਰਾਂ ਵਿਚ ਖ਼ੂਨ ਥੁੱਕਦੇ।
ਧ੍ਰਿਗ ਤੇਰਾ ਜੀਉਣਾ ਧ੍ਰਿਗ ਤੇਰਾ ਪੀਣ ਖਾਣ ਦਾ।
ਬੀਤੀਆਂ ਕੀ ਬਾਰ 'ਤੇ...

ਕੱਲ੍ਹ ਨੂੰ ਲਾਹੌਰ ਤੈਨੂੰ ਲੋਕ ਰੋਣਗੇ।
ਲੱਧੀਆਂ ਦੇ ਮੇਲੇ ਵਿਚ ਸੌਦੇ ਹੋਣਗੇ।
ਫਟ ਜੂ ਗੁਬਾਰਾ ਤੇਰੀ ਫੋਕੀ ਸ਼ਾਨ ਦਾ।
ਬੀਤੀਆਂ ਕੀ ਬਾਰ 'ਤੇ ਅੱਲਾ ਹੀ ਜਾਣਦਾ।

*(ਪਿੰਡ ਦੀ ਪੰਚਾਇਤ ਬੈਠੀ ਹੈ। ਗੱਲਬਾਤ ਹੋ ਰਹੀ ਹੈ। ਤਿੰਨੇ ਪੇਂਡੂ ਦੁੱਲੇ ਨੂੰ ਲੈ ਕੇ ਆਉਂਦੇ ਹਨ। ਸਾਰੇ ਮੂੰਹ ਮੋੜ ਲੈਂਦੇ ਹਨ। ਦੁੱਲਾ ਲੀਕ ਖਿੱਚਦਾ ਹੈ।)*

ਦੁੱਲਾ : ਮੈਂ ਤਾਂ ਲੀਕ ਖਿੱਚ ਦਿੱਤੀ ਏ, ਜਿਸ ਨੂੰ ਬਾਰ ਦੀ ਇੱਜ਼ਤ ਪਿਆਰੀ ਏ, ਉਹ ਲੀਕ ਦੇ ਇਕ ਪਾਸੇ ਆ ਜਾਵੇ–ਤੇ ਜਿਸਨੂੰ ਜਾਨ ਪਿਆਰੀ ਏ ਉਹ ਲੀਕ ਦੇ ਦੂਸਰੇ ਪਾਸੇ ਰਵੇ।

ਦੁੱਲੇ ਦੇ ਸਾਥੀ : ਹਾਂ ਹਾਂ, ਜਿਸ ਨੂੰ ਜਾਨ ਪਿਆਰੀ ਏ, ਉਹ ਲੀਕ ਦੇ ਦੂਸਰੇ ਪਾਸੇ ਰਹਿਣ।

ਬਜ਼ੁਰਗ : ਦੁੱਲਿਆ, ਤੂੰ ਬਾਰ ਦੀ ਅਣਖ਼ ਨੂੰ ਵੰਗਾਰ ਰਿਹੈਂ।

ਦੁੱਲਾ : ਹਾਂ ਵੰਗਾਰ ਰਿਹਾਂ।

ਇਕ : ਪਰ ਇਹ ਸਵਾਲ ਸਿਰਫ਼ ਲੀਕ ਖਿੱਚਣ ਨਾਲ ਹੱਲ ਨਹੀਂ ਹੋਣਾ।

ਦੁੱਲਾ : ਫਿਰ ਕਿਸ ਤਰ੍ਹਾਂ ਹੱਲ ਹੋਣਾ ਏ ?

ਬਜ਼ੁਰਗ : ਇਹ ਬਹੁਤ ਵੱਡੀ ਗੱਲ ਏ।

ਦੁੱਲਾ : ਵੱਡੀ ਗੱਲ ?

ਬਜ਼ੁਰਗ : ਇਕ ਪਾਸੇ ਲਾਹੌਰ ਦਾ ਤਖ਼ਤ ਏ ਤੇ ਦੂਜੇ ਪਾਸੇ ਬਾਰ ਦੀ ਖਲਕਤ–ਤਖ਼ਤ ਵਾਲੇ ਕਹਿੰਦੇ ਨੇ ਅਸੀਂ ਹਾਕਮ ਹਾਂ–ਬਾਰ ਵਾਲਿਆਂ ਨੂੰ ਉਨ੍ਹਾਂ ਦੀ ਈਨ ਮੰਨ ਕੇ ਰਹਿਣਾ ਪਵੇਗਾ।

ਦੁੱਲੇ ਦੇ ਸਾਥੀ : ਉਹ ਆਖਦੇ ਨੇ ਬਾਰ ਵਾਲਿਆਂ ਨੂੰ ਮਾਲੀਆ ਦੇਣਾ ਪਵੇਗਾ। ਆਪਣੇ ਦਾਣਿਆਂ ਵਿਚੋਂ ਹਿੱਸਾ ਲਾਹੌਰ ਵਾਲਿਆਂ ਨੂੰ ਦੇਣਾ ਪਵੇਗਾ।

ਦੋ : ਆਯਾਸ਼ੀਆਂ ਕਰਨ ਲਈ ?

ਤਿੰਨ : ਕੰਜਰੀਆਂ ਨਚਾਉਣ ਲਈ ?

ਇਕ : ਵਿਚ ਨਾ ਬੋਲੋ।

ਤਿੰਨ : ਤੂੰ ਢੱਕਿਆ ਰਹੋ ਵੱਡਾ ਮੋਤਬਰ।

ਬਜ਼ੁਰਗ : ਤੇ ਬਾਰ ਵਾਲੇ ਕਹਿੰਦੇ ਨੇ ਅਸੀਂ ਕਾਹਦਾ ਹਿੱਸਾ ਦੇਈਏ, ਉਨ੍ਹਾਂ ਨੂੰ ਦੇ ਕੇ ਸਾਡੇ ਕੋਲ ਕੀ ਬਚੇਗਾ–ਖਾਵਾਂਗੇ ਕੀ ? ਲਾਹੌਰ ਵਾਲੇ ਸਾਡੇ ਕੀ ਲਗਦੇ ਨੇ ?

ਇਕ : ਮਾਮੇ ਲਗਦੇ ਨੇ।

ਦੋ : ਕੁਝ ਵੀ ਨਹੀਂ।

ਤਿੰਨ : ਸਾਡੇ ਸਿਰ ਜੁੱਤੀਆਂ ਮਾਰਦੇ ਨੇ।

ਚਾਰ : ਸਾਡੀਆਂ ਧੀਆਂ ਭੈਣਾਂ ਨੂੰ ਸ਼ਰੇਆਮ ਖੁਆਰ ਕਰਦੇ ਨੇ।

ਇਕ : ਸਾਡੇ ਬਜ਼ੁਰਗਾਂ ਦੀਆਂ ਖੱਲਾਂ ਵਿਚ ਤੂੜੀ ਭਰ ਕੇ ਭੜੂਏ ਤੀਰ ਅੰਦਾਜ਼ੀ ਕਰਦੇ ਨੇ।

ਦੁੱਲਾ : ਪਰ ਇਹ ਗੱਲਾਂ ਸਾਨੂੰ ਪਤਾ ਨੇ, ਇਨ੍ਹਾਂ ਨੂੰ ਮੁੜ ਮੁੜ ਆਖੀਂ ਜਾਣ ਦਾ ਕੀ ਫਾਇਦਾ, ਕੋਈ ਨਵੀਂ ਗੱਲ ਕਰੋ।

ਬਜ਼ੁਰਗ : ਮੈਂ ਉਸ ਗੱਲ ਵੱਲ ਹੀ ਆ ਰਿਹਾ ਦੁੱਲਿਆ-ਇਹ ਲੜਾਈ ਹੁਣ ਲਾਹੌਰ ਤੇ ਬਾਰ ਦੀ ਨਹੀਂ ਰਹੀ-ਵੱਡੀ ਲੜਾਈ ਹੋ ਗਈ ਏ-ਆਦਮ ਦੇ ਹੱਕਾਂ ਦੀ-ਇਕ ਪਾਸੇ ਅਸੀਂ ਹਾਂ ਜਿਹੜੇ ਦਾਤਾਂ ਪੈਦਾ ਕਰਦੇ ਹਾਂ ਤੇ ਦੂਜੇ ਪਾਸੇ ਉਹ ਨੇ, ਵਿਹਲੜ ਹਰਾਮ ਖਾਣੇ, ਲਹੂ ਪੀਣੇ।

ਇਕ : ਲਾਹੌਰ ਵਾਲੇ ਆਪ ਕੀ ਕਰਦੇ ਨੇ।

ਦੋ : ਕੱਖ ਭੰਨ ਕੇ ਦੋਹਰਾ ਨਹੀਂ ਕਰਦੇ।

ਤਿੰਨ : ਧੋਤੇ ਕੱਪੜੇ ਪਾ ਕੇ ਗੱਦੀ 'ਤੇ ਬੈਠੇ ਹੋਏ ਨੇ।

ਚਾਰ : ਤੇ ਹੋਰ ਉਹ ਆਪਣੇ ਕੁੱਲਿਆਂ ਵਿਚ ਅੰਨ ਉਗਾਉਣ ?

ਦੁੱਲੇ ਦੇ ਸਾਥੀ 1: ਹਕੂਮਤ ਪਏ ਕਰਦੇ ਨੇ ਕਰੀ ਜਾਂਦੇ ਨੇ।

2 : ਹੋਰ ਤੂੰ ਚਾਹੁੰਦਾ ਏਂ ਉਨ੍ਹਾਂ ਦੀ ਥਾਂ ਤੂੰ ਗੱਦੀ 'ਤੇ ਬੈਠੇਂ।

3 : ਤੇਰੀ ਥਾਂ ਤੇ ਇਥੇ ਈ ਏ, ਭੋਇੰ 'ਤੇ।

4 : ਆਹੋ ਤਿੰਨੋ ਬੀਬੀ ਦੇ ਕਪੜੇ ਸੁੱਥਣ ਨਾਲਾ ਹੱਥ।

ਚਾਰ : ਉਹ ਕੀ ਜਾਨਣ ਸਾਡੀ ਕਿਵੇਂ ਲੰਘਦੀ ਏ।

ਇਕ : ਉਨ੍ਹਾਂ ਨੂੰ ਤਾਂ ਦਮੜੇ ਚਾਹੀਦੇ ਨੇ।

ਦੋ : ਮੀਂਹ ਨਹੀਂ ਪਿਆ, ਫ਼ਸਲ ਨਹੀਂ ਹੋਈ, ਉਨ੍ਹਾਂ ਨੂੰ ਕੀ ?

ਤਿੰਨ : ਉਨ੍ਹਾਂ ਨੂੰ ਤਾਂ ਦਮੜੇ ਚਾਹੀਦੇ ਨੇ।

ਚਾਰ : ਮੀਂਹ ਬਹੁਤ ਪੈ ਗਿਆ, ਫ਼ਸਲ ਹੜ੍ਹ ਗਈ, ਉਨ੍ਹਾਂ ਨੂੰ ਕੀ ?

ਇਕ : ਉਨ੍ਹਾਂ ਨੂੰ ਤਾਂ ਦਮੜੇ ਚਾਹੀਦੇ ਨੇ।

ਦੁੱਲਾ : ਪਰ ਇਹ ਰੋਣੇ ਰੋਣ ਦਾ ਕੀ ਫਾਇਦਾ, ਇਏ ਰੋਣੇ ਰੋਂਦਿਆਂ ਸਾਨੂੰ ਸਦੀਆਂ ਹੋ ਗਈਆਂ ਨੇ, ਜਿਹੜਾ ਵੀ ਹਾਕਮ ਆਉਂਦਾ ਏ ਉਹ ਸਾਡੇ ਨਾਲ ਇਹੀ ਸਲੂਕ ਕਰਦਾ ਏ-ਲਾਹੌਰ ਦੇ ਕਈ ਸੂਬੇ ਬਦਲੇ, ਉਨ੍ਹਾਂ ਦੀਆਂ ਕਲਗੀਆਂ ਦੇ ਰੰਗ ਬਦਲੇ, ਕੀ ਸਾਡੀ ਹਾਲਤ ਵਿਚ ਕੋਈ ਫ਼ਰਕ ਪਿਆ ?

ਸਾਰੇ : ਨਾ ਨਾ...

ਇਕ : ਫਿਰ ਕੀ ਸੋਚਿਐ-ਅਗੋਂ ਕੀ ਕਰੀਏ ?

ਦੁੱਲਾ : ਉਹੀ ਕਰੋ, ਜੋ ਮੈਂ ਕਰਦਾਂ।

ਇਕ : ਤੂੰ ਕੀ ਕਰਦੈਂ ?

ਦੋ : ਲੁੱਟ ਮਾਰ ਕਰਦੈ।

ਤਿੰਨ : ਧਾੜੇ ਮਾਰਦੈ।

ਚਾਰ : ਤੇਰੇ ਤੇ ਲਾਹੌਰ ਵਾਲਿਆਂ ਵਿਚ ਕੀ ਫ਼ਰਕ ਹੋਇਆ ?

ਦੁੱਲਾ : ਤੁਸੀਂ ਜੇ ਫ਼ਰਕ ਨਹੀਂ ਸਮਝਦੇ ਤੇ ਨਾ ਸਹੀਂ, ਮੈਂ ਤਾਂ ਉਹੀ ਕਰਾਂਗਾ।

ਦੁੱਲੇ ਦੇ ਸਾਥੀ : ਹਾਂ ਹਾਂ, ਅਸੀਂ ਉਹੀ ਕਰਾਂਗੇ-ਮੁਗ਼ਲ ਉਂਝ ਭਲਾ ਸਿੱਧੇ ਹੁੰਦੇ ਨੇ।

ਬਜ਼ੁਰਗ : ਦੁੱਲਿਆ, ਗੱਲ ਤੇਰੀ ਨਿਰੀ ਆਪਣੀ ਨਹੀਂ।

ਇਕ : ਜਦੋਂ ਸਾਂਦਲ ਸਰਦਾਰਾਂ ਦੀਆਂ ਖੱਲਾਂ ਤੂੜੀ ਨਾਲ ਭਰ ਕੇ ਲਾਹੌਰ ਦੇ ਬਾਹਰ ਲਟਕਾਈਆਂ ਗਈਆਂ-ਸਾਡੇ ਵੱਡੇ ਵਡੇਰਿਆਂ ਦੀਆਂ ਨਹੀਂ ਲਟਕਾਈਆਂ ਗਈਆਂ।

ਦੋ : ਜਦ ਅਗਲੇ ਬਾਂਧਾਂ ਬਣਾ ਕੇ ਲੈ ਜਾਂਦੇ ਨੇ, ਸਾਡੀਆਂ ਤ੍ਰੀਮਤਾਂ ਨਾਲ ਨਹੀਂ ਬੱਝਦੀਆਂ ?

ਤਿੰਨ : ਜਦੋਂ ਤੇਰੇ ਘਰ ਥੇਹ ਕਰ ਦਿਤੇ ਤਾਂ ਸਾਡੇ ਬਚ ਗਏ ?

ਚਾਰ : ਅਸੀਂ ਤੈਨੂੰ ਕਦੀ ਕੰਡ ਦਿੱਤੀ।

ਇਕ : ਅਸੀਂ ਤੇਰੇ ਨਾਲ ਰਹੇ ਹਾਂ, ਹੁਣ ਵੀ ਤੇਰੇ ਨਾਲ ਹਾਂ ਤੇ ਅਗੋਂ ਵੀ ਤੇਰੇ ਨਾਲ ਹੀ ਰਹਾਂਗੇ ਪਰ-

ਦੁੱਲਾ : ਪਰ ਕੀ ?

ਬਜ਼ੁਰਗ : ਸਾਨੂੰ ਆਪਣਾ ਪੈਂਤੜਾ ਬਦਲਣਾ ਪਵੇਗਾ-ਮੈਂ ਫਿਰ ਕਹਿੰਦਾ ਹਾਂ ਇਹ ਲੜਾਈ ਹੁਣ ਦੁੱਲੇ ਦੇ ਖ਼ਾਨਦਾਨ ਤੇ ਅਕਬਰ ਬਾਦਸ਼ਾਹ ਦੀ ਹੀ ਨਹੀਂ ਰਹੀ।

ਦੁੱਲਾ : ਫੇਰ ਕੀਹਦੀ ਏ ?

ਬਜ਼ੁਰਗ : ਇਹ ਲੜਾਈ ਸਿਆੜਾਂ ਤੇ ਗੱਦੀਆਂ ਦੀ ਏ, ਇਹ ਲੜਾਈ ਮਿਹਨਤੀਆਂ ਤੇ ਵਿਹਲੜਾਂ ਦੀ ਏ-ਮਹਿਲਾਂ ਤੇ ਢਾਰਿਆਂ ਦੀ ਏ।

ਬਜ਼ੁਰਗ ਦੇ ਸਾਥੀ : ਹਾਂ ਹਾਂ ਇਹ ਲੜਾਈ ਹੁਣ ਮਹਿਲਾਂ ਤੇ ਢਾਰਿਆਂ ਦੀ ਏ।

ਬਜ਼ੁਰਗ : ਤੇ ਇਹ ਲੜਾਈ ਧਾੜਵੀ ਬਣ ਕੇ ਨਹੀਂ ਲੜੀ ਜਾ ਸਕਦੀ, ਬਾਦਸ਼ਾਹ ਦੀਆਂ ਡਾਲੀਆਂ ਲੁੱਟ ਕੇ ਨਹੀਂ ਲੜੀ ਜਾ ਸਕਦੀ, ਇਕ ਅੱਧ ਸਰਦਾਰ ਦੀ ਧੌਣ ਲਾਹ ਕੇ ਨਹੀਂ ਲੜੀ ਜਾ ਸਕਦੀ-ਇਕ ਸਰਦਾਰ ਮਰੇਗਾ, ਦੂਜਾ ਉੱਠ ਖਲੋਏਗਾ, ਦੂਜਾ ਮਰੇਗਾ, ਤੀਜਾ ਉੱਠ ਖਲੋਏਗਾ, ਇਯ ਤਰ੍ਹਾਂ ਗੱਲ ਸਿਰੇ ਨਹੀਂ ਲੱਗਣੀ।

ਦੁੱਲਾ : ਫਿਰ ਕਿਸ ਤਰ੍ਹਾਂ ਸਿਰੇ ਲੱਗੇਗੀ।

ਬਜ਼ੁਰਗ : ਸਿਰ ਜੋੜ ਕੇ ਬਹੀਏ, ਸੋਚੀਏ ਵਿਚਾਰੀਏ, ਬਾਦਸ਼ਾਹ ਨਾਲ ਮੱਥਾ ਲਾਉਣਾ ਏ ਇਹ ਕੋਈ ਨਿੱਕੀ ਜਿਹੀ ਗੱਲ ਨਹੀਂ।

ਦੁੱਲਾ : ਪਰ ਕੀ, ਸਾਡੇ ਵੱਡੇ ਵਡੇਰੇ ਮੱਥਾ ਨਹੀਂ ਲਾਉਂਦੇ ਰਹੇ ?

ਬਜ਼ੁਰਗ : ਲਾਉਂਦੇ ਰਹੇ ਨੇ ਪਰ ਤੂੰ ਕਦੀ ਸੋਚਿਐ ਤੇਰੇ ਪਿਓ ਦਾਦੇ ਨੇ ਕਾਹਦੇ ਵਾਸਤੇ ਮੱਥਾ ਲਾਇਆ ? ਸਾਡੇ ਪਿਓ ਦਾਦਿਆਂ ਨੇ ਕਾਹਦੇ ਵਾਸਤੇ ਜਾਨਾਂ ਦਿੱਤੀਆਂ ? ਹਾਕਮ ਸੋਚਦੇ ਨੇ ਲੋਕਾਂ ਦਾ ਚੇਤਾ ਬੜਾ ਮਾੜਾ ਹੁੰਦਾ ਏ, ਉਹ ਸਾਨੂੰ ਜਾਣ ਬੁਝ ਕੇ ਭੰਬਲ ਭੂਸਿਆਂ ਵਿਚ ਪਾਉਂਦੇ ਨੇ, ਜ਼ੁਲਮ ਕਰਕੇ ਕੁਰਾਹੇ ਪਾਉਂਦੇ ਨੇ ਤੇ ਬਹੁਤੀ ਵਾਰ ਕਾਮਯਾਬ ਵੀ ਹੋ ਜਾਂਦੇ ਨੇ-ਪਰ ਗੱਲ ਫੇਰ ਵੀ ਮੁੱਕਦੀ ਨਹੀਂ-ਲੋਕਾਂ ਦਾ ਰੋਹ ਸੁੱਤੇ ਨਾਗ ਵਾਂਗ ਹੁੰਦਾ ਏ ਤੇ ਆਪਾਂ ਇਹ ਬਣਤ ਬਣਾਉਣੀ ਏ, ਡੰਗ ਐਨ ਟਿਕਾਣੇ 'ਤੇ ਵੱਜੇ।

ਦੁੱਲਾ : ਪਰ ਇਹ ਵਜੇਗਾ ਕਿੰਝ ?

ਬਜ਼ੁਰਗ : ਜੇ ਨਿਸ਼ਾਨਾ ਪਤਾ ਹੋਵੇ।

ਦੁੱਲਾ : ਨਿਸ਼ਾਨਾ ਇਕੋ ਏ, ਵਿਹਲੜ ਮੌਜਾਂ ਨਾ ਮਾਨਣ, ਅਸੀਂ ਆਪਣੀ ਹੋਣੀ ਦੇ ਆਪ ਮਾਲਕ ਹੋਈਏ, ਅਸੀਂ ਆਪਣੇ ਘਰਾਂ ਵਿਚ ਜਿਵੇਂ ਮਰਜ਼ੀ ਰਹੀਏ, ਸੱਤ ਬਿਗਾਨੇ ਸਾਡੇ ਵਿਚ ਕੋਈ ਦਖ਼ਲ ਨਾ ਦੇਣ।

ਇਕ : ਪਰ ਉਹ ਤਾਂ ਦਖ਼ਲ ਜ਼ਰੂਰ ਦੇਣਗੇ।

ਦੋ : ਉਹ ਕਹਿਣਗੇ ਅਸੀਂ ਹਾਕਮ ਹਾਂ।

ਤਿੰਨ : ਤੇ ਉਹ ਹਾਕਮ ਵੀ ਕੀ ਜੋ ਲੋਕਾਂ ਦੇ ਕੰਮਾਂ ਵਿਚ ਦਖ਼ਲ ਨਾ ਦੇਣ।

ਚਾਰ : ਹਾਕਮ ਤੇ ਕਹਿਣਗੇ, ਜੇ ਲੋਟਾ ਫੜ ਕੇ ਜੰਗਲ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਪੁੱਛ ਕੇ ਜਾਓ।

*(ਸਾਰੇ ਹੱਸਦੇ ਹਨ।)*

ਬਜ਼ੁਰਗ : ਗੱਲ ਹਾਸੇ ਵਿਚ ਨਾ ਪਾਓ।

ਦੁੱਲਾ : ਪਰ ਬਾਰ ਦੇ ਢਾਈ ਟੋਟਰੂ ਲੱਖਾਂ ਦੇ ਲਸ਼ਕਰਾਂ ਨਾਲ ਕਿਵੇਂ ਮੱਥਾ ਲਾਉਣਗੇ ?

ਬਜ਼ੁਰਗ : ਹਿੰਮਤ ਅੱਗੇ ਕਿਹੜਾ ਕੰਮ ਮੁਸ਼ਕਲ ਏ ?

ਇਕ : ਦੁੱਲਿਆ ਤੂੰ ਅੱਗੇ ਲੱਗ।

ਦੋ : ਅਸੀਂ ਤੇਰੇ ਨਾਲ ਹਾਂ।

ਤਿੰਨ : ਅਸੀਂ ਜੰਗਲਾਂ ਵਿਚ ਲੜਾਂਗੇ।

ਚਾਰ : ਜੂਹਾਂ ਵਿਚ ਲੜਾਂਗੇ।

ਇਕ : ਖੇਤਾਂ ਵਿਚ ਲੜਾਂਗੇ।

ਦੋ : ਹਾਕਮਾਂ ਨੂੰ ਭਾਜੜਾਂ ਪਾ ਦਿਆਂਗੇ।

ਤਿੰਨ : ਫੇਰ ਵੇਖੀਏ ਉਹ ਬਾਰ ਵੱਲ ਕਿਸ ਤਰ੍ਹਾਂ ਅੱਖਾਂ ਚੁੱਕਦੇ ਨੇ।

ਚਾਰ : ਜੇ ਅਸੀਂ ਆਪਣੀ ਆਈ 'ਤੇ ਆ ਗਏ ਤਾਂ ਉਨ੍ਹਾਂ ਦਾ ਜੀਣਾ ਹਰਾਮ ਕਰ ਦੇਈਏ।

ਇਕ : ਇਥੇ ਆ ਕੇ ਡੇਰੇ ਲਾਉਣ ਤਾਂ ਰਾਤੀਂ ਅੱਬੜਵਾਹੇ ਉਠ ਖਲੋਣ।

ਦੋ : ਉਨ੍ਹਾਂ ਦੇ ਖੇਮਿਆਂ ਵਿਚ ਅੱਗ ਲੱਗੀ ਪਈ ਹੋਵੇ।

ਤਿੰਨ : ਘੋੜਿਆਂ ਦੀ ਨਿਹਾਰੀ ਵਾਲੇ ਤੋਬਰਿਆਂ ਵਿਚ ਜ਼ਹਿਰ ਰਲੀ ਹੋਵੇ।

ਇਕ : ਤੇ ਘੋੜੇ ਤੜਫ਼ ਤੜਫ਼ ਕੇ ਮਰਦੇ ਹੋਣ।

ਦੋ : ਉਨ੍ਹਾਂ ਦੇ ਭਾਅ ਦੀ ਕਿਆਮਤ ਆਈ ਖਲੋਤੀ ਹੋਵੇ।

ਤਿੰਨ : ਤੇ ਇਸ ਕਿਆਮਤ ਵਿਚ ਇਨਸਾਫ਼ ਸਾਡੇ ਪਾਸੇ ਹੋਵੇ।

ਇਕ : ਜਿੱਤ ਸਾਡੀ ਹੋਵੇਗੀ।

ਬਜ਼ੁਰਗ : ਬਾਕੀ ਦੁੱਲਿਆ ਤੇਰਾ ਇਹ ਵਹਿਮ ਏ ਕਿ ਅਸੀਂ ਢਾਈ ਟੋਟਰੂ ਹਾਂ, ਜਦੋਂ ਅਸੀਂ ਹੱਕ ਦੀ ਜੰਗ ਲੜਾਂਗੇ ਤਾਂ ਕੁਲ ਲੁਕਾਈ ਸਾਡੇ ਨਾਲ ਜੁੜੇਗੀ, ਦਿਹਾਤ ਵਾਲਿਆਂ ਦੀ ਵੀ ਤੇ ਸ਼ਹਿਰ ਵਾਲਿਆਂ ਦੀ ਵੀ।

ਇਕ : ਆਹੋ ਨਾਲੇ ਲਾਹੌਰ ਸ਼ਹਿਰ ਦੇ ਗ਼ਰੀਬ ਸ਼ੋਹਦੇ ਕਿਹੜੇ ਸੁਖੀ ਨੇ।

ਦੋ : ਮੈਂ ਸੁਣਿਆਂ, ਅਮੀਰ ਤੇ ਉਨ੍ਹਾਂ ਦੀਆਂ ਬੇਗ਼ਮਾਂ ਪਾਣੀ ਛਿੜਕਾ ਕੇ ਆਪ ਠੰਢੇ ਅੰਦਰਾਂ ਵਿਚ ਪੈ ਜਾਂਦੇ ਨੇ।

ਤਿੰਨ : ਤੇ ਉਨ੍ਹਾਂ ਦੇ ਨੌਕਰ ਸ਼ੋਹਦੇ ਗਰਮੀ ਵਿਚ ਬਾਹਰ ਪੱਖੇ ਦੀ ਰੱਸੀ ਖਿੱਚਦੇ ਰਹਿੰਦੇ ਨੇ।

ਚਾਰ : ਗਰੀਬ ਹਰ ਥਾਂ ਅਵਾਜ਼ਾਰ ਨੇ, ਭਾਵੇਂ ਉਹ ਪਿੰਡ ਵਿਚ ਨੇ ਤੇ ਭਾਵੇਂ ਉਹ ਲਾਹੌਰ ਵਿਚ ਨੇ।

ਦੁੱਲਾ : ਚਾਚਾ ਇਹ ਗੱਲ ਤਾਂ ਮੰਨੀ, ਪਰ ਤੂੰ ਜਿਹੜਾ ਇਹ ਕਿਹਾ ਬਈ ਸਾਨੂੰ ਬਦਲਾ-ਲਊ ਕਾਰਵਾਈ ਨਹੀਂ ਕਰਨੀ ਚਾਹੀਦੀ, ਇਹ ਗੱਲ ਜਚੀ ਨਹੀਂ, ਇੰਝ ਤਾਂ ਉਹ ਸਿਰ ਚੜ੍ਹ ਜਾਣਗੇ।

ਦੁੱਲੇ ਵੱਲੋਂ 1 : ਜੇ ਉਹ ਸਾਡੇ ਪਿੰਡ ਥੇਹ ਕਰ ਦੇਣ ਤਾਂ ਅਸੀਂ ਚੁਪ ਬੈਠੇ ਰਹੀਏ ?

2 : ਉਹ ਸਾਡੀਆਂ ਔਰਤਾਂ ਬਾਂਧਾਂ ਬਣਾ ਕੇ ਲੈ ਜਾਣ ਤਾਂ ਅਸੀਂ ਹੱਥ 'ਤੇ ਹੱਥ ਧਰ ਕੇ ਬੈਠੇ ਰਹੀਏ ?

3 : ਉਹ ਆਖਣ ਅਸੀਂ ਬਾਰ ਦੀ ਧਰਤੀ ਬਾਂਝ ਕਰ ਦੇਣੀ ਏਂ-ਤੇ ਅਸੀਂ ਆਖੀਏ ਕਰ ਦੇਵੋ।

4 : ਉਨ੍ਹਾਂ ਦੇ ਟਕੇ ਟਕੇ ਦੇ ਸਿਪਾਹੀ ਸਾਡੀਆਂ ਧੀਆਂ ਭੈਣਾਂ ਨੂੰ ਠੱਠੇ ਕਰਨ ਤੇ ਅਸੀਂ ਸਮਝੀਏ ਉਨ੍ਹਾਂ ਦਾ ਹੱਕ ਏ, ਕਿਉਂਕਿ ਉਹ ਹਾਕਮਾਂ ਦੇ ਸਿਪਾਹੀ ਨੇ।

ਬਜ਼ੁਰਗ : ਨਹੀਂ ਚੁੱਪ ਕਰਕੇ ਕਿਉਂ ਬੈਠੀਏ-ਅਸੀਂ ਉਨ੍ਹਾਂ ਦੀ ਇੱਟ ਦਾ ਜਵਾਬ

ਪੱਥਰ ਨਾਲ ਦੇਈਏ।

ਇਕ : ਅਸੀਂ ਉਨ੍ਹਾਂ ਦੀਆਂ ਔਰਤਾਂ ਬਾਂਧਾਂ ਬਣਾ ਕੇ ਲੈ ਆਈਏ।

ਲੱਧੀ : ਚੁੱਪ ਕਰੋ, ਤੁਸੀਂ ਔਰਤ ਜਾਤ ਨੂੰ ਕੀ ਸਮਝਿਆ ਏ, ਪੈਰ ਦੀ ਜੁੱਤੀ-ਔਰਤ ਦੇ ਪੈਰਾਂ ਵਿਚ ਜੰਨਤ ਹੁੰਦੀ ਏ ਪੁੱਤਰਾ।

ਦੂਜੀ : ਇਹ ਕਿਉਂ ਸਮਝੇਗਾ, ਰੋਜ਼ ਭਾਬੀ ਨੂੰ ਕੁੱਟਦਾ ਏ।

ਤੀਜੀ : ਇਸ ਲਿਹਾਜ਼ ਨਾਲ ਤੇ ਸਾਰੇ ਇਕੋ ਰੱਸੇ ਫਾਹੇ ਲਾਉਣ ਜੋਗੇ ਨੇ।

ਚੌਥੀ : ਮੇਰੇ ਵਾਲੇ ਸਮੇਤ।

ਦੂਜੀ : ਜਿਥੋਂ ਤੱਕ ਔਰਤਾਂ ਦਾ ਤੁਅੱਲਕ ਏ, ਕੀ ਬਾਰ ਵਾਲੇ ਤੇ ਕੀ ਲਾਹੌਰ ਵਾਲੇ-ਇਕੋ ਜਿਹੇ ਨੇ।

ਇਕ : ਤੁਸੀਂ ਬੰਦਿਆਂ ਦੇ ਕੰਮਾਂ ਵਿਚ ਕਿਉਂ ਆਉਂਦੀਆਂ ਹੋ ?

ਦੂਜੀ : ਕਿਉਂ ਨਾ ਆਈਏ ?

ਤੀਜੀ : ਲੜਾਈ ਜਦੋਂ ਹੁੰਦੀ ਏ, ਸਿਰ 'ਤੇ ਕੀਹਦੇ ਪੈਂਦੀ ਏ ?

ਚੌਥੇ : ਸਾਰੀ ਉਮਰਾਂ ਦੇ ਰੋਣੇ ਕਿਹਨੂੰ ਰੋਣੇ ਪੈਂਦੇ ਨੇ।

ਲੱਧੀ : ਪੁੱਤਰਾ, ਆਪਣੀ ਧੀ ਭੈਣ ਦੀ ਇੱਜ਼ਤ ਬਚਾਉਣ ਦਾ ਇਹ ਮਤਲਬ ਨਹੀਂ, ਦੂਜਿਆਂ ਦੀ ਧੀ ਭੈਣ ਦੀ ਇੱਜ਼ਤ ਲੁੱਟ ਲਵੋ।

ਦੂਜੀ : ਮਰਾਦਨਗੀ ਤਾਂ ਇਹ ਐ, ਉਹ ਹੱਥ ਈ ਵੱਢ ਦੇਵੋ ਜਿਹੜਾ ਤੁਹਾਡੀ ਧੀ ਭੈਣ 'ਤੇ ਉਠੇ।

ਤੀਜੀ : ਉਹ ਅੱਖ ਕੱਢ ਦੇਵੋ ਜਿਹੜੀ ਧੀ ਭੈਣ ਵੱਲ ਮੈਲੀ ਨਜ਼ਰ ਵੇਖੇ।

ਚੌਥੀ : ਉਹ ਲੱਤ ਭੰਨ ਦੇਵੋ, ਜਿਹੜੀ ਧੀ ਪੈਣ ਵੱਲ ਵਧੇ।

ਬਜ਼ੁਰਗ : ਠੀਕ ਏ, ਇਹ ਲੜਾਈ ਹੁਣ ਅਸੀਂ ਮਰਦਾਂ ਨੇ 'ਕੱਲੀ ਨਹੀਂ ਲੜਨੀ, ਸਭ ਨੇ ਲੜਣੀ ਏ। ਸਾਡੇ ਬਜ਼ੁਰਗਾਂ ਨੇ ਲੜੀ ਏ ਤੇ ਸਾਡੇ ਬੱਚਿਆਂ ਨੇ ਲੜਨੀ ਏ-ਤੇ ਇਹਦਾ ਪੈਂਤੜਾ ਆਪਣੀ ਤਾਕਤ ਵੇਖ ਕੇ, ਉਨ੍ਹਾਂ ਦੀ ਤਾਕਤ ਵੇਖ ਕੇ ਚਲਣਾ ਏ।

ਇਕ : ਅਸੀਂ ਉਨ੍ਹਾਂ ਨੂੰ ਉਥੇ ਜਾ ਪਈਏ ਜਿਥੇ ਉਨ੍ਹਾਂ ਨੂੰ ਸਾਡੇ ਆਉਣ ਦਾ ਚਿੱਤ ਚੇਤਾ ਈ ਨਾ ਹੋਵੇ।

ਦੋ : ਉਹ ਸਾਨੂੰ ਬਾਰ ਵਿਚ ਲੱਭਦੇ ਫਿਰਨ, ਅਸੀਂ ਉਨ੍ਹਾਂ ਨੂੰ ਜਾ ਪਈਏ।

ਤਿੰਨ : ਲਾਹੌਰੀਆਂ ਦੀ ਨੀਂਦਰ ਹਰਾਮ ਕਰ ਦੇਈਏ।

ਚਾਰ : ਨਾ ਸੌਂਈਏ ਨਾ ਸੌਣ ਦੇਈਏ।

ਇਕ : ਉਹ ਸੁੱਤਿਆਂ ਬੁਖਲਾ ਉੱਠਣ, ਔਹ ਦੁੱਲਾ ਆਇਆ ਈ।

ਦੋ : ਉਨ੍ਹਾਂ ਦੀਆਂ ਮਾਵਾਂ ਜੇ ਆਪਣੇ ਬੱਚਿਆਂ ਨੂੰ ਡਰਾਉਣ ਤਾਂ ਇਹੀ ਆਖਣ ਉਹ ਦੁੱਲਾ ਆਉਂਦਾ ਪਿਐ।

ਬਜ਼ੁਰਗ : ਤੇਰੀ ਕੀ ਸਲਾਹ ਏ ਦੁੱਲਿਆ ?

ਦੁੱਲਾ : ਮੈਂ ਇਕੱਲਾ ਕੌਣ ਹਾਂ-ਸਾਰਿਆਂ ਦਾ ਫ਼ੈਸਲਾ ਮੇਰਾ ਫ਼ੈਸਲਾ।

ਸਾਰੇ : ਇਹ ਹੋਈ ਨਾ ਗੱਲ।

*(ਇਕ ਮਰਾਸੀ ਨੂਰਮਦਾ ਦਾ ਰੁੱਕਾ ਲੈ ਕੇ ਆਉਂਦਾ ਏ।)*

ਮਰਾਸੀ : ਬਈ ਇਥੇ ਦੁੱਲਾ ਕਿਹੜਾ ਏ ?

ਇਕ : ਤੂੰ ਕੌਣ ਏਂ ?

ਮਰਾਸੀ : ਬਈ ਮੈਂ ਤੇਰੇ ਕੋਲੋਂ ਪੁਛਿਐ, ਦੁੱਲਾ ਕੌਣ ਏ ਤੇ ਤੂੰ ਅਗੋਂ ਪੁਛਦੈਂ ਤੂੰ ਕੌਣ ਏਂ-ਬਾਰ ਵਿਚ ਪਰਦੇਸੀਆਂ ਨਾਲ ਇਵੇਂ ਬੋਲਣ ਦਾ ਰਿਵਾਜ ਏ?

ਦੁੱਲਾ : ਨਰਾਜ਼ ਨਾ ਹੋ ਬਜ਼ੁਰਗਾ-ਦੁੱਲਾ ਮੈਂ ਹਾਂ-ਦੱਸ ਕੀ ਕੰਮ ਏ।

ਮਰਾਸੀ : ਮੈਂ ਵੀ ਆਖਿਆ ਉਹ ਸ਼ਹੀਣੀ ਦੇ ਸਿਰ ਦਾ ਸਾਂਈ ਕੋਈ ਸ਼ੀਂਹ ਹੋਵੇਗਾ ਤੇ ਇਹ ਗਿੱਦੜ ਦੀ ਔਲਾਦ ਪੁੱਛਦੈ ਮੈਂ ਕੌਣ ਹਾਂ। ਲੈ ਦੁੱਲਿਆ ਤੇਰਾ ਇਹ ਰੁੱਕਾ ਈ-ਤੇਰੀ ਵਹੁਟੀ ਨੂਰਮਦਾ ਦਾ ਤੇ ਇਕ ਇਨਾਮ ਮੈਂ ਉਹਦੇ ਕੋਲੋਂ ਲੈ ਆਇਆਂ ਹਾਂ ਤੇ ਹੁਣ ਤੂੰ ਦੇ ਜੋ ਦੇਣਾ ਈ, ਮੈਂ ਚਲਦਾ ਬਣਾਂ, ਕੀ ਪਤਾ ਕੋਈ ਸੂਹੀਆ ਹੀ ਨਾ ਮਗਰ ਲੱਗਾ ਹੋਵੇ।

*(ਦੁੱਲਾ ਕੋਈ ਚੀਜ਼ ਦੇਂਦੈ ਤੇ ਮਰਾਸੀ ਸਲਾਮ ਕਰ ਕੇ ਚਲਾ ਜਾਂਦਾ ਹੈ। ਦੁੱਲਾ ਚਿੱਠੀ ਪੜ੍ਹਦਾ ਏ।)*

ਲੱਧੀ : ਕੀ ਲਿਖਿਐ ਮੇਰੀ ਸੁਖਾਂ ਲੱਧੀ ਧੀ ਨੇ ?

ਦੁੱਲਾ : ਮੇਰੇ ਸਿਰ ਦੇ ਸਾਂਈਆਂ-ਅਲਾਉਦੀਨ ਜਦੋਂ ਮੈਨੂੰ ਬੰਨ੍ਹ ਲਿਆਇਆ ਤਾਂ ਉਹ ਮੈਨੂੰ ਆਪਣੀ ਬੇਗਮ ਬਣਾਉਣਾ ਚਾਹੁੰਦਾ ਸੀ। ਪਰ ਮੈਂ ਦਾਅ ਲਾ ਕੇ ਉਸ ਦੁਸ਼ਟ ਦੇ ਸੀਨੇ ਕਟਾਰ ਮਾਰੀ। ਉਹਦਾ ਭਰਾ ਜ਼ਿਆਉਦੀਨ ਹੁਣ ਆਪਣੇ ਭਰਾ ਦਾ ਬਦਲਾ ਲੈਣ ਆ ਰਿਹੈ-ਇਹ ਤੁਹਾਡੀ ਇਤਲਾਹ ਲਈ-ਤੇਰੀ ਨੂਰਮਦਾ।

ਲੱਧੀ : ਮੈਂ ਨਾ ਆਖਦੀ ਸਾਂ-ਦੁਸ਼ਮਣ ਨਾਲ ਲੜਾਈ ਵਿਚ ਅਸੀਂ ਔਰਤਾਂ ਵੀ ਪਿੱਛੇ ਨਹੀਂ।

ਦੁੱਲਾ : ਪਿੰਡ ਵਾਲਿਓ ਬਾਰ ਦੀ ਅਣਖ ਬਚਾਉਣ ਦਾ ਪਹਿਲਾ ਇਮਤਿਹਾਨ ਆ ਗਿਐ। ਦੁਸ਼ਮਣ ਦੇ ਵਾਰ ਦਾ ਜਵਾਬ ਦੇਣ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਏ।

ਸਾਰੇ : ਤਿਆਰ ਹਾਂ।

*(ਨਗਾਰਾ ਵੱਜਦਾ ਹੈ, ਪਿੰਡ ਦੇ ਲੋਕ ਤਿਆਰੀ ਕੱਸ ਕੇ ਦੁੱਲੇ ਦੇ ਨਾਲ ਨਿਕਲ ਜਾਂਦੇ ਹਨ ਤੇ ਇਸ ਦੇ ਨਾਲ ਹੀ ਕੋਰਸ ਗਾਣਾ ਸ਼ੁਰੂ ਹੁੰਦਾ ਹੈ।)*

ਕੋਰਸ : ਰਣ ਵਿਚ ਆਮ੍ਹੋ ਸਾਮ੍ਹਣੇ, ਭਿੜੀਆਂ ਤਲਵਾਰਾਂ।
ਜਿਉਂ ਆਪਸ ਦੇ ਵਿਚ ਖਹਿੰਦੀਆਂ, ਬਿਜਲੀ ਦੀਆਂ ਤਾਰਾਂ।
ਸੀਸ ਚੜ੍ਹਾਵਾ ਆ ਧਰੇ ਕਈਆਂ ਹੁਸ਼ਿਆਰਾਂ।
ਖੋਪਰ ਜਿਉਂ ਹਦਵਾਨਿਆਂ, ਸਿਰ ਰੁਲਦੇ ਹਜ਼ਾਰਾਂ।
ਨਦੀਆਂ ਚੱਲੀਆਂ ਲਹੂ ਦੀਆਂ ਜਿਉਂ ਪਰਬਤ ਧਾਰਾਂ।
ਮੱਛੀਆਂ ਵਾਂਗੂ ਤਰਦੀਆਂ ਵਿਚ ਤੇਜ਼ ਕਟਾਰਾਂ।
ਦੁੱਲਾ ਗੱਜਿਆ ਰਣ ਵਿਚ ਵੱਢੇ ਮੁਗ਼ਲ ਹਜ਼ਾਰਾਂ।
ਫੱਟੜ ਹੋਇਆ ਅੰਤ ਨੂੰ ਘਿਰਿਆ ਵਿਚ ਕਟਾਰਾਂ।
ਸੀਤਲ ਢਾਡੀ ਗਾਉਣਗੇ ਮਰਦਾਂ ਦੀਆਂ ਵਾਰਾਂ।

## ਸੱਤ

(ਮੁਗ਼ਲ ਸਿਪਾਹੀ ਦੁੱਲੇ ਨੂੰ ਜ਼ੰਜੀਰਾਂ ਵਿਚ ਜਕੜ ਕੇ ਬਾਦਸ਼ਾਹ ਦੇ ਦਰਬਾਰ ਵਿਚ ਲਿਆਉਂਦੇ ਹਨ। ਦਰਬਾਰ ਵਿਚ ਘੁਸਰ ਮੁਸਰ ਹੋ ਰਹੀ ਹੁੰਦੀ ਹੈ।)

ਬਾਦਸ਼ਾਹ : ਖਾਮੋਸ਼ (ਦੁੱਲੇ ਵੱਲ ਦੇਖ ਕੇ) ਅਸੀਂ ਬੜੀ ਮੁੱਦਤ ਤੋਂ ਤੈਨੂੰ ਆਪਣੇ ਦਰਬਾਰ ਵਿਚ ਵੇਖਣਾ ਚਾਹੁੰਦੇ ਸੀ। ਅਸੀਂ ਸੋਚਿਆ ਸੀ ਕਿ ਤੂੰ ਸ਼ਾਹੀ ਲਿਬਾਸ ਵਿਚ ਸਾਡੇ ਰੂਬਰੂ ਹੋਏਂਗਾ ਪਰ ਅੱਲਾ ਕਸਮ ਅਸੀਂ ਤੈਨੂੰ ਇਸ ਖ਼ੂਨ ਭਿੱਜੇ ਲਿਬਾਸ ਵਿਚ ਨਹੀਂ ਦੇਖਣਾ ਚਾਹੁੰਦੇ ਸੀ।

ਦੁੱਲਾ : ਐਸ ਦਰਬਾਰ ਵਿਚ ਆਉਂਦਿਆਂ ਰਾਹ ਵਿਚ ਸਦਰ ਦਰਵਾਜ਼ਾ ਵੀ ਆਉਂਦਾ ਏ, ਬੜੇ ਵਰ੍ਹੇ ਪਹਿਲਾਂ ਜਦ ਕਿ ਮੈਂ ਹਾਲੇ ਇਸ ਜਹਾਨ ਦਾ ਮੂੰਹ ਵੀ ਨਹੀਂ ਸੀ ਵੇਖਿਆ, ਮੇਰੇ ਬਾਪ ਫ਼ਰੀਦ ਤੇ ਦਾਦੇ ਸਾਂਦਲ ਦੀਆਂ ਲੋਥਾਂ, ਖੱਲਾਂ ਲੁਹਾ ਕੇ ਉਸ ਦਰਵਾਜ਼ੇ ਨਾਲ ਲਟਕਾਈਆਂ ਗਈਆਂ ਸਨ ਤੇ ਐਸ ਸ਼ਹਿਰ ਵਿਚ ਵੜਦਿਆਂ ਮੇਰੇ ਲਈ ਦੋ ਹੀ ਰਾਹ ਸਨ ਤਖ਼ਤ ਜਾਂ ਤਖ਼ਤੇ ਦਾ ਰਾਹ ਤੇ ਅੱਜ ਮੈਨੂੰ ਮੇਰੇ ਕਦਮ ਇਸ ਰਾਹ 'ਤੇ ਲੈ ਆਏ ਨੇ-ਮੈਂ ਖੁਸ਼ਨਸੀਬ ਹਾਂ। ਮੈਂ ਆਪਣੀ ਬਾਰ ਦੀ ਸਰ ਜ਼ਮੀਨ ਦੀ, ਤੇ ਆਪਣੀਆਂ ਰਗਾਂ ਵਿਚ ਵਗਦੇ ਅਣਖ ਦੇ ਲਹੂ ਨੂੰ ਵੱਟਾ ਨਹੀਂ ਲਾਇਆ। ਮੈਂ ਸ਼ੁਕਰ-ਗੁਜ਼ਾਰ ਹਾਂ ਤੇਰਾ।

ਵਜ਼ੀਰ : ਤੂੰ ਹਾਲੇ ਉਹ ਗੱਲ ਭੁੱਲਿਆ ਨਹੀਂ ਦੁੱਲਿਆ ?

ਦੁੱਲਾ : ਜੇ ਤੁਸੀਂ ਮੇਰੀ ਥਾਂ ਹੁੰਦੇ ਤੁਸੀਂ ਭੁੱਲ ਜਾਂਦੇ ? ਹਾਂ ਤੁਸੀਂ ਤੇ ਭੁੱਲ ਈ ਜਾਣਾ ਸੀ।

ਵਜ਼ੀਰ : ਸਾਡੀ ਗੱਲ ਹੋਰ ਏ।

ਦੁੱਲਾ : ਹਾਂ ਤੁਹਾਡੀ ਗੱਲ ਹੋਰ ਏ-ਲੋਕਾਂ ਦੀ ਕਮਾਈ ਦੇ ਪਾਲਣ ਵਾਲੇ ਕੁੱਤੇ

ਕਦੀ ਗ਼ੈਰਤਮੰਦ ਨਹੀਂ ਹੋ ਸਕਦੇ-ਉਹ ਸਿਰਫ ਜੁੱਤੀਆਂ ਚੱਟ ਸਕਦੇ ਨੇ, ਪੂਛਾਂ ਹਿਲਾ ਸਕਦੇ ਨੇ ਤੇ ਵੱਧ ਤੋਂ ਵੱਧ ਦੰਦਰਾ ਖੋਭ ਸਕਦੇ ਨੇ।

ਬਾਦਸ਼ਾਹ : ਮੂੰਹ ਸੰਭਾਲ ਕੇ ਗੱਲ ਕੀਤੀ ਜਾਏ-ਤੂੰ ਸਾਡੀ ਹਿਰਾਸਤ ਵਿਚ ਇਹ-ਤੈਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਤੂੰ ਸ਼ਹਿਨਸ਼ਾਹ ਦੇ ਦਰਬਾਰ ਵਿਚ ਏਂ।

ਦੁੱਲਾ : ਤੂੰ ਆਪਣੇ ਟੁੱਕੜ ਖੋਰਾਂ ਦਾ, ਬੇਜ਼ਬਾਨਾਂ ਦਾ-ਬੇਸ਼ੁਮਾਰ ਦੌਲਤਾਂ ਦਾ ਸ਼ਹਿਨਸ਼ਾਹ ਤੇ ਹੋ ਸਕਦੈਂ, ਪਰ ਸਾਡੇ ਦਿਲਾਂ ਦਾ ਸ਼ਹਿਨਸ਼ਾਹ ਹਰਗਿਜ਼ ਨਹੀਂ ਹੋ ਸਕਦਾ। ਏਸ ਤਖ਼ਤ 'ਤੇ ਬੈਠਿਆਂ ਕੋਈ ਵੀ ਸਾਡੇ ਦਿਲਾਂ ਦਾ ਸ਼ਹਿਨਸ਼ਾਹ ਨਹੀਂ ਹੋ ਸਕਦਾ।

ਵਜ਼ੀਰ : ਹੋਰ ਤੇਰਾ ਕੀ ਮਤਲਬ ਏ ਕਿ ਸ਼ਹਿਨਸ਼ਾਹ ਕਾਸਾ ਫੜ ਕੇ ਭੀਖ ਮੰਗਣ ਤੁਰ ਪੈਣ-ਇਨ੍ਹਾਂ ਨੂੰ ਉਸੇ ਅੱਲਾ ਤਾਲਾ ਨੇ-ਦੋ ਜਹਾਨ ਦੇ ਵਾਲੀ ਨੇ ਹਕੂਮਤ ਕਰਨ ਲਈ ਭੇਜਿਐ ਤੇ ਇਸ ਵਿਚ ਸ਼ਾਇਦ ਤੇਰੀ ਵੀ ਅਕੀਦਤ ਏ।

ਦੁੱਲਾ : ਅੱਲ੍ਹਾ ? ਤੁਹਾਡਾ ਅੱਲ੍ਹਾ ਸਾਡਾ ਅੱਲ੍ਹਾ ਨਹੀਂ ਹੋ ਸਕਦਾ। ਸਾਡਾ ਅੱਲ੍ਹਾ ਹੋਰ ਏ ਤੇ ਤੁਹਾਡਾ ਅੱਲ੍ਹਾ ਹੋਰ।

ਮੌਲਵੀ : ਜਹਾਂ ਪਨਾਹ ਇਹ ਇਮਾਨ ਦੀ ਤੌਹੀਨ ਕਰ ਰਿਹੈ, ਇਹ ਕਾਫਰ ਹੈ, ਇਹ ਸਖ਼ਤ ਤੋਂ ਸਖ਼ਤ ਸਜ਼ਾ ਦਾ ਹੱਕਦਾਰ ਹੈ।

ਦੁੱਲਾ : ਹੱਕ ਇਮਾਨ ਲਈ ਆਪਣੀ ਗ਼ੈਰਤ ਦੀ ਰਾਖੀ ਲਈ ਲੜਨਾ ਤੁਹਾਡਾ ਅੱਲਾ ਕੁਫ਼ਰ ਆਖਦੈ ਤਾਂ ਮੇਰਾ ਅੱਲਾ ਆਖਦੈ-ਮੇਰੇ ਬੰਦਿਆ ਤੂੰ ਕਾਫ਼ਰ ਏਂ-ਤੁਹਾਡਾ ਇਮਾਨ ਤਾਂ ਸ਼ੱਮਸ ਤਬਰੇਜ਼ ਨੂੰ ਵੀ ਕਾਫ਼ਰ ਆਖਦਾ ਸੀ।

ਬਾਦਸ਼ਾਹ : ਤੂੰ ਆਪਣੇ ਇਮਾਨ 'ਤੇ ਸ਼ੱਕ ਕਰਦੈਂ-ਦੁੱਲਿਆ, ਪਰ ਤੈਨੂੰ ਕਿਹੜੇ ਅੱਲਾ ਨੇ ਆਖਿਐ ਤੂੰ ਲੁੱਟ ਮਾਰ ਕਰੇਂ, ਰਾਹ ਜਾਂਦੇ ਭੋਲੇ ਭਾਲੇ ਸ਼ਰੀਫ ਤਾਜਰਾਂ ਦੀਆਂ ਡਾਲੀਆਂ ਲੁੱਟੇਂ-ਕਤਲੋਂ-ਗ਼ਾਰਤ ਕਰਕੇ ਸਾਡੇ ਇੰਤਜ਼ਾਮ, ਸਾਡੇ ਅਮਨ ਕਾਨੂੰਨ 'ਚ ਖ਼ਲਲ ਪਾਏਂ, ਤੈਨੂੰ ਪਤਾ ਹੋਣਾ ਚਾਹੀਦੈ-ਅਸੀਂ ਜੋ ਕੁਝ ਵੀ ਕਰਦੇ ਹਾਂ ਆਪਣੇ ਰਿਆਇਆ ਦੇ ਭਲੇ ਲਈ ਕਰਦੇ ਹਾਂ।

ਦੁੱਲਾ : ਰਿਆਇਆ ? (ਹੱਸ ਕੇ) ਪਹਿਲਾਂ ਤੂੰ ਇਹ ਫ਼ੈਸਲਾ ਕਰ, ਤੇਰੀ ਰਿਆਇਆ ਕਿਹੜੀ ਏ ? ਅਸੀਂ ਜਾਂ ਤੇਰੇ ਇਹ ਅਹਿਲਕਾਰ ? ਜੇ ਅਸੀਂ ਤੇਰੀ ਰਿਆਇਆ ਹਾਂ ਤੂੰ ਤੇ ਇਹ ਅਹਿਲਕਾਰ ਸਾਡੀ ਸਾਰੀ ਮਿਹਨਤ ਬੋਰੀਆਂ ਤੇ ਪੰਡਾਂ ਵਿਚ ਭਰ ਕੇ ਕਿਉਂ ਲੈ ਜਾਂਦੇ ਨੇ-ਸਾਡੀ

ਹੀ ਕਮਾਈ ਨਾਲ ਤੁਸੀਂ ਅਯਾਸ਼ੀਆਂ ਕਿਉਂ ਕਰਦੇ ਹੋ ? ਸਾਡੀਆਂ ਹੀ ਢਾਲੀਆਂ ਹੋਈਆਂ ਤਲਵਾਰਾਂ ਸਾਡੀਆਂ ਈ ਗਰਦਨਾਂ 'ਤੇ ਕਿਉਂ ਚਲਦੀਆਂ ਨੇ ? ਅਸੀਂ ਤੇਰੀ ਰਿਆਇਆ ਨਹੀਂ।

ਬਾਦਸ਼ਾਹ : ਪਰ ਤੈਨੂੰ ਤਾਂ ਅਸੀਂ ਹਾਲੇ ਵੀ ਆਪਣੇ ਰਿਆਇਆ ਸਮਝਦੇ ਹਾਂ।

ਮੀਰ : ਸ਼ਹਿਨਸ਼ਾਹ ਰਿਆਇਆ ਦਾ ਮਾਈ ਬਾਪ ਹੁੰਦੈ, ਜੇ ਬਾਪ ਚਾਹਵੇ ਤਾਂ ਆਪਣੀ ਔਲਾਦ ਨੂੰ ਮਾਫ਼ ਕਰ ਸਕਦੈ ਤੇ ਜੇ ਉਹ ਚਾਹਵੇ ਤਾਂ ਸਜ਼ਾ ਵੀ ਦੇ ਸਕਦੈ।

ਦੁੱਲਾ : ਸ਼ਹਿਨਸ਼ਾਹ ਮੇਰਾ ਮਾਈ ਬਾਪ ਨਹੀਂ ਹੋ ਸਕਦਾ–ਮੇਰਾ ਬਾਪ ਫ਼ਰੀਦ ਸੀ ਤੇ ਮੈਂ ਮਾਂ ਲੱਧੀ ਦਾ ਦੁੱਧ ਚੁੰਘ ਕੇ ਪਰਵਾਨ ਚੜ੍ਹਿਆ।

ਬਾਦਸ਼ਾਹ : ਦੁੱਲਿਆ ਤੂੰ ਸਾਡੀ ਰਿਆਇਆ ਏਂ–ਅਸੀਂ ਤੈਨੂੰ ਹਾਲੇ ਵੀ ਮੁਆਫ਼ ਕਰ ਸਕਦੇ ਹਾਂ ਜੇ ਤੂੰ ਬਗ਼ਾਵਤ ਦਾ ਰਾਹ ਛੱਡ ਦੇਵੇਂ।

ਦੁੱਲਾ : ਮੈਂ ਵਾਰ–ਵਾਰ ਕਹਿ ਚੁੱਕਾ ਹਾਂ ਮੈਂ ਤੇਰੀ ਰਿਆਇਆ ਹਰਗਿਜ਼ ਨਹੀਂ ਹਾਂ।

ਬਾਦਸ਼ਾਹ : ਤੂੰ ਹਾਲੇ ਵੀ ਆਪਣੇ ਗੁਨਾਹ ਬਖਸ਼ਾ ਸਕਦੈਂ।

ਦੁੱਲਾ : ਕਿਹੜੇ ਗੁਨਾਹ ? ਜੇ ਹੱਕ ਮੰਗਣੇ ਗੁਨਾਹ ਹੈ ਤੇ ਮੈਂ ਇਹ ਗੁਨਾਹ ਵਾਰ–ਵਾਰ ਕਰਾਂਗਾ।

ਬਾਦਸ਼ਾਹ : ਤੂੰ ਬਦਤਮੀਜ਼ੀ 'ਤੇ ਬਦਕਲਾਮੀ ਤੋਂ ਕੰਮ ਲੈ ਰਿਹਾ ਏਂ, ਤੈਨੂੰ ਆਪਣੀ ਔਕਾਤ ਪਤਾ ਹੋਣੀ ਚਾਹੀਦੀ ਏ।

ਦੁੱਲਾ : ਤੇ ਮੈਂ ਤੇਰੀ ਔਕਾਤ 'ਤੇ ਥੁੱਕਦਾ ਹਾਂ। (ਬਾਦਸ਼ਾਹ 'ਤੇ ਥੁੱਕਦਾ ਹੈ।)

ਬਾਦਸ਼ਾਹ : (ਗੁੱਸੇ ਵਿਚ ਉੱਠਦਾ ਹੈ) ਤੂੰ... ਸਾਂਦਲ ਦਾ ਪੋਤਰਾ ਫ਼ਰੀਦ ਦਾ ਪੁੱਤਰ ਬਾਰ ਦਾ ਬਾਗ਼ੀ...

ਦੁੱਲਾ : ਗੁੱਸੇ ਵਿਚ ਤੇਰੀ ਸ਼ਕਲ ਐਸ ਵੇਲੇ ਉਸ ਹਾਰੇ ਤੇ ਹੰਭੇ ਹੋਏ ਕਸਾਈ ਵਾਂਗਰ ਹੈ ਜੋ ਸਵੇਰ ਤੋਂ ਸ਼ਾਮ ਤੱਕ ਲਹੂ ਵਹਾਉਣ ਮਗਰੋਂ ਘਰ ਨੂੰ ਪਰਤਦਾ ਏ ਤੇ ਅਗਲੇ ਦਿਨ ਜ਼ਿਬਾਹ ਹੋਣ ਵਾਲੇ ਬੇਜ਼ੁਬਾਨਾਂ ਬਾਰੇ ਸੋਚ ਰਿਹਾ ਹੁੰਦੈ।

ਬਾਦਸ਼ਾਹ : (ਹੋਰ ਗੁੱਸੇ ਵਿਚ ਬੋਲਦਾ ਹੈ) ਹਾਂ... ਹਾਂ ਮੈਂ ਕਸਾਈ ਹਾਂ–ਤੇ ਅੱਜ ਦਾ ਆਖਰੀ ਜ਼ਿਬਾਹ ਹੋਣ ਵਾਲਾ ਬੱਕਰਾ (ਖੰਜਰ ਕੱਢ ਕੇ ਦੁੱਲੇ ਦੇ ਪੇਟ ਵਿਚ ਖੋਭ ਦੇਂਦਾ ਹੈ।) ਤੂੰਹੀ ਐਂ। (ਖੰਜਰ ਮਾਰ ਕੇ ਬਗੈਰ ਕਿਸੇ ਵੱਲ ਦੇਖਿਆਂ ਬਾਹਰ ਨਿਕਲ ਜਾਂਦਾ ਹੈ। ਤੇ ਪਿਛੇ ਪਿਛੇ ਉਹ ਸਾਰੇ ਵੀ ਚਲੇ ਜਾਂਦੇ ਹਨ।)

ਦੁੱਲਾ : (ਖੰਜਰ ਖੁੱਭਾ ਹੋਇਆ ਹੈ ਤੇ ਦੁੱਲਾ ਡਿੱਗ ਰਿਹੈ ਹੌਲੀ ਹੌਲੀ ਬੋਲਦਾ ਹੈ।) ਓਏ ਚੁਗੱਤਿਆ, ਤਖ਼ਤ ਲਾਹੌਰ ਤੇ ਕੁੜਕ ਬੈਠਿਆਂ ਤੇਰੇ ਹੇਠ

ਪਏ ਆਂਡੇ ਤਰੱਕ ਗਏ ਨੇ-ਤੂੰ ਹੁਣ ਭਾਵੇਂ ਕਲਗੀ ਝਾੜ ਤੇ ਭਾਵੇਂ ਖੰਭ ਫੁਲਾ ਤੇਰੇ ਦਿਨ ਪੁੱਗ ਗਏ ਨੇ-ਅਸਾਂ ਜਾਣ ਲਿਐ ਤੇਰਾ ਵਾਸਾ ਸਾਡਾ ਉਜਾੜਾ ਏ-ਤੂੰ ਮੈਨੂੰ ਮਾਰ ਦਿਤੈ ਫੇਰ ਕੀ ਹੋਇਆ, ਭੁੱਲੀ ਨਾ ਬਾਰ ਦੇ ਕਿਕਰਾਂ ਦੀ ਕੌੜ ਨਹੀਂ ਜਾਏਗੀ, ਉਹਨਾਂ ਦੇ ਸੂਲਾਂ ਦੀ ਚੋਭ ਨਹੀਂ ਮਰੇਗੀ, ਉਹ ਇਕ ਦਿਨ ਤੈਨੂੰ ਚੁਭਣਗੇ-ਚੁਭਣਗੇ ਚੁ...ਭ...ਣ...(ਡਿੱਗ ਪੈਂਦਾ ਹੈ ਤੇ ਮਰ ਜਾਂਦਾ ਹੈ।)

*(ਇਹਦੇ ਨਾਲ ਇਕ ਬਹੁਤ ਈ ਗ਼ਮਗੀਨ ਸੁਰ ਵਿਚ ਕੋਰਸ ਗੀਤ ਸ਼ੁਰੂ ਹੁੰਦਾ ਹੈ।)*

ਕੋਰਸ : ਸੂਰਜ ਉੱਚਾ ਹੋ ਗਿਆ ਸਿਖ਼ਰ ਦੁਪਹਿਰੈ-
ਜਲ ਵਿਚ ਰੋਵਣ ਮੱਛੀਆਂ ਸਿਖ਼ਰ ਦੁਪਹਿਰੇ-
ਛਾਏ ਬੱਦਲ ਲਹੂ ਦੇ ਸਿਖ਼ਰ ਦੁਪਹਿਰੇ-
ਬਿਜਲੀ ਕੜਕੀ ਮੌਤ ਦੀ ਸਿਖ਼ਰ ਦੁਪਹਿਰੇ-
ਦੁਨੀਆਂ ਰੋਈ ਰੱਤ ਨੀ ਸਿਖ਼ਰ ਦੁਪਹਿਰੇ-
ਰਾਤ ਗ਼ਮਾਂ ਦੀ ਛਾਂ ਗਈ ਸਿਖ਼ਰ ਦੁਪਹਿਰੇ-
ਇਕ ਤਾਰਾ ਟੁਟਿਆ ਅੰਬਰੋਂ... ਸਿਖ਼ਰ ਦੁਪਹਿਰੇ-

*(ਤੇ ਗਾਉਂਦੇ ਗਾਉਂਦੇ ਉਹ ਦੁੱਲੇ ਦੀ ਲਾਸ਼ ਬਾਹਰ ਲੈ ਜਾਂਦੇ ਹਨ।)*

## ਅੱਠ

*(ਪਿੰਡ ਦੀਆਂ ਤੀਵੀਆਂ ਸੋਗੀ ਵੇਸ ਵਿਚ ਬੈਠੀਆਂ ਹਨ ਤੇ ਕੋਰਸ ਵੱਲੋਂ ਉਦਾਸ ਗੀਤ ਛੋਹਿਆ ਜਾਂਦਾ ਹੈ।)*

ਕੋਰਸ : ਕਿਥੇ ਗਈਆਂ ਗਿੱਟੀਆਂ, ਕਿਥੇ ਗਏ ਤਾਰੇ।
ਮੁੜ ਕੇ ਨਾ ਆਏ ਸਾਡੇ ਦਿਲਾਂ ਦੇ ਸਹਾਰੇ।
ਕਿਥੇ ਗਏ ਆਲ੍ਹਣੇ, ਕਿਥੇ ਗਏ ਤੀਲੇ।
ਮੁੜ ਕੇ ਨਾ ਆਂਏ ਸਾਡੇ ਸੱਜਣ ਸਜੀਲੇ।
ਕਿਥੇ ਗਏ ਮੇਘਲੇ ਤੇ ਕਿਥੇ ਗਈਆਂ ਵਾਵਾਂ।
ਮੁੜ ਕੇ ਨਾ ਆਈਆਂ ਸਾਡੀਆਂ ਸੱਥਾਂ ਦੀਆਂ ਛਾਵਾਂ।

*(ਦੁੱਲੇ ਦੇ ਸਾਥੀ ਆ ਕੇ ਲੱਧੀ ਅੱਗੇ ਹਥਿਆਰ ਰੱਖਦੇ ਹਨ। ਲੱਧੀ ਉਹਨਾਂ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਦੀ ਹੈ।)*

ਇਕ : ਅਸੀਂ ਕੁਝ ਨਹੀਂ ਕਰ ਸਕੇ ਤਾਈ।
ਦੋ : ਉਹ ਬਹੁਤ ਸਾਰੇ ਸਨ ਤਾਈ।
ਤਿੰਨ : ਉਹਨਾਂ ਕੋਲ ਹਥਿਆਰ ਵੀ ਬਹੁਤ ਸਾਰੇ ਸਨ।

ਇਕ : ਉਹ ਸਾਨੂੰ ਇਕ ਇਕ ਨੂੰ ਦਸ ਦਸ ਪੈ ਗਏ।

ਦੋ : ਦੁੱਲਾ ਬੜੀ ਬਹਾਦਰੀ ਨਾਲ ਲੜਿਆ।

ਤਿੰਨ : ਅੰਤ ਵਿਚ ਉਹ ਫੱਟੜ ਹੋ ਗਿਆ।

ਇਕ : ਦੁੱਲਾ ਹੁਣ ਸਾਡੇ ਵਿਚ ਨਹੀਂ ਰਿਹਾ ਤਾਈ।

ਲੱਧੀ : ਕੀ ਹੋਇਆ ਦੁੱਲਾ ਅੱਜ ਸਾਡੇ ਵਿਚ ਨਹੀਂ ਰਿਹਾ, ਤੁਸੀਂ ਤਾਂ ਜੀਊਂਦੇ ਹੋ, ਇਹ ਧਰਤੀ ਦੀ ਅਣਖ ਤਾਂ ਜੀਂਦੀ ਏ। ਜੰਗ ਹਾਲੀਂ ਮੁੱਕੀ ਨਹੀਂ ਮੇਰੇ ਪੁੱਤਰੋ, ਜੰਗ ਤਾਂ ਹਾਲੇ ਜਾਰੀ ਏ।

*(ਨਗਾਰਾ ਚੁੱਕਦੀ ਹੈ-ਨੂਰਾ ਉਹਦੇ ਹੱਥੋਂ ਨਗਾਰਾ ਫੜ ਲੈਂਦਾ ਹੈ ਅਤੇ ਜ਼ੋਰ-ਜ਼ੋਰ ਨਾਲ ਵਜਾਉਣਾ ਸ਼ੁਰੂ ਕਰ ਦੇਂਦਾ ਹੈ। ਬਾਕੀ ਦੇ ਪੇਂਡੂ ਜ਼ਮੀਨ 'ਤੇ ਰਖੇ ਹੋਏ ਹਥਿਆਰ ਫੇਰ ਚੁੱਕ ਲੈਂਦੇ ਹਨ-ਇਕ ਜੋਸ਼ ਭਰਿਆ ਵਾਤਾਵਰਣ-ਨਗਾਰਾ ਵੱਜਦਾ ਜਾਂਦਾ ਹੈ ਤੇ ਕੋਰਸ ਮੰਚ 'ਤੇ ਆ ਕੇ ਗੀਤ ਗਾਉਂਦਾ ਹੈ।)*

ਗੀਤ : ਜਦੋਂ ਮਿੱਟੀ ਉਠਦੀ ਧਰਤੀ ਦੀ ਤਕਦੀਰ ਬਦਲਦੀ ਲੋਕਾਂ ਦੀ।
ਧਰਤੀ ਤੇ ਜਾਇਆਂ ਦਾ ਲਹੂ, ਰਿਹਾ ਡੁਲ੍ਹਦਾ ਜੁਗਾਂ ਜੁਗਾਂ ਤੋਂ
ਆਖਰ ਕਿੰਨਾ ਚਿਰ ਜੀਏਗੀ, ਆਖਰ ਇਹ ਮਿੱਟੀ ਬੋਲ ਪਈ।
ਜਦੋਂ ਮਿੱਟੀ ਉਠਦੀ ਧਰਤੀ ਦੀ...
ਤੁਸੀਂ ਛੇਤੀ ਝਟ ਪਛਾਣੋ ਜੀ, ਇਸ ਖੰਜਰ ਨੂੰ, ਇਸ ਖੰਜਰ ਨੂੰ।
ਖੰਜਰ ਵਾਲੇ ਇਨ੍ਹਾਂ ਹੱਥਾਂ ਨੂੰ, ਤੁਸੀਂ ਦੁਸ਼ਮਣ ਆਪਣਾ ਜਾਣੋ ਜੀ।
ਜਦੋਂ ਮਿੱਟੀ ਉਠਦੀ ਧਰਤੀ ਦੀ...
ਹੁਣ ਫੇਰ ਕੋਈ ਨਾ ਰੰਗ ਜਾਏ, ਸਾਡੇ ਲਹੂ ਨਾਲ ਆਪਣੇ ਹੱਥਾਂ ਨੂੰ।
ਹੁਣ ਫੇਰ ਕਦੇ ਨਾ ਮੌਤ ਆਏ, ਵਸਦੀਆਂ ਹੱਸਦੀਆਂ ਸੱਥਾਂ ਨੂੰ।
ਜਦੋਂ ਮਿੱਟੀ ਉਠਦੀ ਧਰਤੀ ਦੀ, ਤਕਦੀਰ ਬਦਲਦੀ ਲੋਕਾਂ ਦੀ।

*(ਕੋਰਸ ਗਾਉਂਦਾ ਹੋਇਆ ਮੰਚ 'ਤੇ ਇਸ ਤਰ੍ਹਾਂ ਚਲਦਾ ਹੈ, ਜਿਸ ਤਰ੍ਹਾਂ ਕਿ ਸਾਰੀ ਲੋਕਾਈ ਹੀ ਗਾ ਰਹੀ ਹੈ ਤੇ ਇਸੇ ਵਾਤਾਵਰਣ ਵਿਚ ਨਾਟਕ ਖ਼ਤਮ ਹੁੰਦਾ ਹੈ।)*

*(ਸਮਾਪਤ)*